

ੴ

# ਅੰਮ੍ਰਿਤ ਕੀਰਤਨ

ਮੁੱਲ : 10 ਰੁਪਏ ■ ਫਰਵਰੀ 1998

# ਅੰਮ੍ਰਿਤ ਕੀਰਤਨ

ਕੀਰਤਨ ਤੇ ਸੰਗੀਤ ਦੀ ਜਾਣਕਾਰੀ ਦੇਣ ਵਾਲਾ ਮਾਸਿਕ ਪੱਤਰ

ਅੰਕ 2 ਸਾਲ ਦਸਵਾਂ ਫਰਵਰੀ 1998



ਮਿੱਤਰ ਅਸਾਡੜੇ ਸੇਈ 2

ਕਰਉ ਬੇਨੰਤੀਆਂ 3

ਅਦੁਤੀ ਸ਼ਖਸੀਅਤ : ਭਾਈ ਸੁਮੇਦ ਸਿੰਘ ਜੀ 4
(ਪ੍ਰਿੰਸੀਪਲ ਦਿਆਲ ਸਿੰਘ)

What is Not 7
The Purpose of Naam Simran
Dr. (Bhai) Harbans Lal

The Joyous Sound of Keertan 11
(An American Experience)
I.J.Singh

ਭਾਈ ਸਾ / ਭਾਈ ਹੀਰਾ ਸਿੰਘ ਜੀ ਫਰੂਕੇ ਵਾਲਿਆਂ 15
ਦਾ 119ਵਾਂ ਜਨਮ ਦਿਵਸ
ਮੇਜਰ ਆਗਿਆਪਾਲ ਸਿੰਘ (ਰਿ.)

ਸਿਲੇਬਸ-ਡਿਪਲੋਮਾ ਇਨ ਗੁਰਮਤਿ ਸੰਗੀਤ 18

ਕੀਰਤਨ ਕਲਾਸਾਂ 22

ਸੁਰ ਲਿਪੀ ਰਾਗ ਬਸੰਤ 23
(ਪ੍ਰੋ. ਪਰਮਜੋਤ ਸਿੰਘ)

ਸੁਰ ਲਿਪੀ ਰਾਗ ਬਸੰਤ 2·
(ਹਰਿਭਜਨ ਸਿੰਘ)

ਨੋਟੇਸ਼ਨ ਵਾਲੇ ਸ਼ਬਦਾਂ ਦੇ ਅਰਥ 24

Matrimonial

ਜੰਤਰੀ 28



## ਸੰਪਾਦਕ (ਆਨਰੇਰੀ)

ਡਾ. ਜਾਗੀਰ ਸਿੰਘ

ਐਮ. ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ) ਪੀ. ਐਚ. ਡੀ.

### ਕਾਰਜਕਾਰੀ ਸੰਪਾਦਕ

ਡਾ ਤ੍ਰਿਲੋਚਨ ਸਿੰਘ ਤਰਸੀ

### ਸਹਿਯੋਗੀ

ਡਾ. ਕਰਨੈਲ ਸਿੰਘ ਸੋਮਲ
ਡਾ. ਹਰਨੇਕ ਸਿੰਘ ਕਲੇਰ
ਸ. ਜੋਤਿੰਦਰ ਸਿੰਘ ਸੋਹਲ
ਸ. ਹਰਭਜਨ ਸਿੰਘ ਚੋਪੜਾ
ਪ੍ਰੋ. ਸਤਵਿੰਦਰ ਸਿੰਘ
ਸ. ਕੇ. ਐਸ. ਚੁਘ

### ਚਿੱਤਰਕਾਰ

ਗੁਰਦੀਪ ਸਿੰਘ ਦੀਪ

### ਸਰਪ੍ਰਸਤ

ਭਾਈ ਹੀਰਾ ਸਿੰਘ ਮੈਮੋਰੀਅਲ ਟ੍ਰਸਟ (ਰਜਿ.)
1051 ਸੈਕਟਰ 27 ਬੀ,
ਚੰਡੀਗੜ੍ਹ
ਫੋਨ- 650696


| ਚੰਦੇ ਦਾ ਵੇਰਵਾ: | |
|---|---|
| ਇਕ ਕਾਪੀ | 10 ਰੁ. |
| ਸਲਾਨਾ | 100 ਰੁ. |
| ਜੀਵਨ ਮੈਂਬਰ (15 ਸਾਲ) | 1000 ਰੁ. |
| ਵਿਦੇਸ਼ ਸਲਾਨਾ | 500 ਰੁ. |
| ਜੀਵਨ ਮੈਂਬਰ (15 ਸਾਲ) | 5000 ਰੁ. |


**ਚਿੱਠੀ ਪੱਤਰ ਲਈ ਪਤਾ :**

ਅੰਮ੍ਰਿਤ ਕੀਰਤਨ ਟ੍ਰਸਟ ਰਜਿ.
422, ਸੈਕਟਰ 15-ਏ,
ਚੰਡੀਗੜ੍ਹ -160 015
ਫੋਨ : 772660
782452


| ਇਸ਼ਤਿਹਾਰਾਂ ਦਾ ਵੇਰਵਾ | ਦੇਸ | ਵਿਦੇਸ |
|---|---|---|
| ਪਿਛਲਾ ਕਵਰ | 5000 ਰੁ. | 10,000 ਰੁ. |
| ਕਵਰ ਦੇ ਅੰਦਰਲੇ ਪੰਨੇ | 3000 ਰੁ. | 7500 ਰੁ. |
| ਸਧਾਰਨ ਪੂਰਾ ਪੰਨਾ | 2000 ਰੁ. | 5000 ਰੁ. |
| ਸਧਾਰਨ ਅੱਧਾ ਪੰਨਾ | 1000 ਰੁ. | 2500 ਰੁ. |
| ਸਧਾਰਨ ਚੌਥਾਈ ਪੰਨਾ | 500 ਰੁ. | 500 ਰੁ. |

* ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿਜੀ ਹਨ। ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

* 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ ਚੰਡੀਗੜ੍ਹ ਦੇ ਪੱਤਰ ਨੰ 4-8-90 ਮਿਤੀ 20-2-91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬਰੇਰੀਆਂ ਲਈ ਪ੍ਰਵਾਨਿਤ ਹੈ।

* 'ਅੰਮ੍ਰਿਤ ਕੀਰਤਨ' ਲਈ ਚੈੱਕ/ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।


- ਡਾ. ਜਾਗੀਰ ਸਿੰਘ ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਿਰਜ਼ ਅਤੇ ਸਟੇਸ਼ਨਰਜ਼ ਐਸ. ਸੀ. ਐਫ. 107, ਫੇਜ਼-7, ਮੋਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

## ਮਿੱਤਰ ਅਸਾਡੜੇ ਸੇਈ

ਜਨਵਰੀ ਦੇ ਮਹੀਨੇ ਆਪਣੇ ਸਨੇਹੀ ਪਾਠਕਾਂ ਅਤੇ ਸਰਪ੍ਰਸਤਾਂ ਦੇ ਗੁਰਪੁਰਬ ਅਤੇ ਨਵੇਂ ਸਾਲ ਦੀਆਂ ਸ਼ੁਭ ਕਾਮਨਾਵਾਂ ਭਰਪੂਰ ਅਨੇਕਾਂ ਪੱਤਰ ਤੇ ਕਾਰਡ ਪ੍ਰਾਪਤ ਹੋਏ ਹਨ। ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ:-

**ਸਾਹਿਬਜ਼ਾਦਾ ਅਜੀਤ ਸਿੰਘ ਨਗਰ ਤੋਂ** :- ਡਾ. ਖੜਕ ਸਿੰਘ, ਡਾ. ਸਤੀਸ਼ ਮੈਨਨ, ਡਾਇਰੈਕਟਰ ਕਰੀਕੁਲਮ 'ਪੰਜਾਬ ਤਕਨੀਕੀ ਸਿੱਖਿਆ ਬੋਰਡ', ਭਾਈ ਹਰਿੰਦਰਪਾਲ ਸਿੰਘ, ਸ: ਅਮਰਜੀਤ ਸਿੰਘ ਵਾਲੀਆ ਬੀਬੀ ਹਰਦੀਪ ਕੌਰ ਗਿੱਲ, ਪ੍ਰਿੰਸੀਪਲ, ਸੰਤ ਈਸ਼ਰ ਸਿੰਘ ਸੀਨੀਅਰ ਸੈਕੰਡਰੀ ਸਕੂਲ, ਪ੍ਰੋ: ਰਾਜਿੰਦਰ ਸਿੰਘ ਵਧਵਾ, ਸੋਹਲ ਪਰਿਵਾਰ, ਗੁਰੂ ਨਾਨਕ ਵੀ ਬੀ ਟੀ ਪੋਲੀਟੈਕਨਿਕ, ਪੰਜਾਬ ਟਰੈਕਟਰ ਦੇ ਸ੍ਰ: ਹਰਜੀਤ ਸਿੰਘ, ਰਵਿੰਦਰ ਕੌਰ, ਜੋਤੀ, ਕਿਕੀ, ਗਿੰਦੀ, ਅਮਰਜੀਤ ਸਿੰਘ ਵਾਲੀਆ ਆਦਿ। **ਚੰਡੀਗੜ੍ਹ ਤੋਂ** :- ਵਿੰਗ ਕਮਾਂਡਰ ਵਿਕਰਮਜੀਤ ਸਿੰਘ, ਐਚ. ਐਸ. ਆਤਮਾ, ਡਾ. ਜੇ. ਐਸ. ਚੋਪੜਾ, ਸ: ਬਲਜੀਤ ਸਿੰਘ ਬੱਲੀ, ਡਾ: ਰਾਜਿੰਦਰ ਕੌਰ ਤੇ ਸ੍ਰ: ਪਰਮਜੀਤ ਸਿੰਘ, ਸੂਰੀ ਪਰਿਵਾਰ, ਚੀਫ਼ ਬੂਟ ਹਾਊਸ ਵਾਲੇ ਸ੍ਰ: ਕਰਤਾਰ ਸਿੰਘ, ਹਰਵਿੰਦਰ ਸਿੰਘ, ਮਹਿੰਦਰ ਸਿੰਘ, ਸ੍ਰ: ਭੁਪਿੰਦਰ ਸਿੰਘ, ਹਰਜੀਤ ਕੌਰ, ਜਿੰਮੀ, ਸੰਨੀ ਮੈਡੀਕੋਜ਼ ਸੈਂਟਰ ਵਾਲੇ ਡਾ: ਗੁਰਵਿੰਦਰ ਸਿੰਘ, ਡਾ: ਪੂਨਮਜੀਤ ਕੌਰ, ਡਾ: ਪੀ ਐਨ ਥਾਪਰ, ਮੇਰੇ ਸੰਗੀਤ ਅਧਿਆਪਕ ਪ੍ਰੋ: ਯਸ਼ਪਾਲ ਜੀ, ਸਤਿਕਾਰ ਯੋਗ ਮਾਤਾ ਜੀ ਮਿਸਜ਼ ਕਾਲਰਾ ਅਤੇ ਭੈਣ ਅਮਰਜੀਤ ਕੌਰ, ਤੇਜੀ ਸਟੂਡੀਓ ਵਾਲੇ ਨੀਨਾ ਜੌਹਰ ਅਤੇ ਤੇਜਬੰਸ ਸਿੰਘ ਜੌਹਰ, ਡਾ: ਭਜਨ ਸਿੰਘ ਜੀ ਡਾ: ਬਲਬੀਰ ਸਿੰਘ ਦਿਲ, ਡਾ: ਕਿਰਪਾਲ ਸਿੰਘ, ਜਗਦਰਸ਼ਨ ਸਿੰਘ ਇੰਦਰਜੀਤ ਸਿੰਘ ਬੇਦੀ ਆਦਿ।

**ਦਿੱਲੀ ਤੋਂ**:- ਸਤਿਕਾਰ ਯੋਗ ਕ੍ਰਿਸ਼ਨਕਾਂਤ ਜੀ, ਉਪ-ਰਾਸ਼ਟਰਪਤੀ, ਵੀਰ ਗੁਰਵੰਤ ਸਿੰਘ, ਮਿਸਜ਼ ਜੀ ਮਨਜੀਤ ਸਿੰਘ, ਅਨਮੋਲ ਸਿੰਘ, ਦੀਪ ਸ਼ਿਖਾ, ਸ੍ਰ: ਆਵਤ ਸਿੰਘ, ਵੀਰ ਨਰਿੰਦਰਪਾਲ ਸਿੰਘ, ਵੀਰ ਕੇ ਟੀ ਐਸ ਤੁਲਸੀ, ਦ੍ਰਿਸ਼ਪਾਲ, ਸੰਜੀਵਪਾਲ **ਜਲੰਧਰ ਤੋਂ** :- ਸ੍ਰ: ਸੁਰਜੀਤ ਸਿੰਘ ਮਿਨਹਾਸ, ਸਾਬਕਾ ਸਪੀਕਰ ਪੰਜਾਬ ਅਸੈਂਬਲੀ, ਪ੍ਰਸਿੱਧ ਗਾਇਕ ਬਲਬੀਰ ਸਿੰਘ ਕਲਸੀ। **ਪਟਿਆਲਾ ਤੋਂ** :- ਡਾ: ਸੁਦੇਸ਼ ਸਿਆਲ, ਡਾ: ਦਵਿੰਦਰ ਕੌਰ, ਡਾ ਗੁਰਨਾਮ ਸਿੰਘ, ਡਾ ਅੰਮ੍ਰਿਤਪਾਲ ਕੌਰ, ਬਾਨੀ, ਤਾਨੀਸ਼, ਪ੍ਰੋ: ਨਵਸੰਗੀਤ ਸਿੰਘ। **ਹੁਸ਼ਿਆਰਪੁਰ ਤੋਂ** :- ਨੀਨਾ, ਅਜੀਤ ਧਨੋਤਾ, ਸੁਖਮਿੰਦਰ ਸਿੰਘ, ਬਹਿਬਲਪੁਰ। **ਕਰਨਾਲ ਤੋਂ** :- ਸ੍ਰ: ਨਾਨਕ ਸਿੰਘ, ਨਿਰਲੇਪ। **ਲੁਧਿਆਣਾ ਤੋਂ** :- ਡਾ: ਮਿਸ ਮਨਵਿੰਦਰ ਕੌਰ, **ਕੋਟਕ ਪੂਰਾ ਤੋਂ** :- ਪ੍ਰੋ: ਸੁਭਾਸ਼ ਪਰਿਵਾਰ, **ਗੁਰਦਾਸਪੁਰ ਤੋਂ** :- ਪ੍ਰੋ ਚਾਨਣ ਸਿੰਘ, ਨਿਰਮਲ, **ਪੰਚਕੂਲਾ ਤੋਂ** :- ਸਾਈਬੈਕਸ ਟੈਕਨਾਲੋਜੀਸ ਵਾਲੇ, **ਅੰਮ੍ਰਿਤਸਰ ਤੋਂ** :- ਜਥੇਦਾਰ ਗੁਰਚਰਨ ਸਿੰਘ ਟੋਹੜਾ, **ਕਲੱਕਤਾ ਤੋਂ** :- ਸ੍ਰ: ਹਰਚਰਨ ਸਿੰਘ, ਹਰਵਿੰਦਰ ਕੌਰ ਅਤੇ ਹਰਪ੍ਰੀਤ ਕੌਰ ਆਦਿ ਤੋਂ ਇਲਾਵਾ ਅਜੇ ਬਹੁਤ ਸਾਰੇ ਕਾਰਡ ਪ੍ਰਾਪਤ ਹੋ ਰਹੇ ਹਨ।

**ਅਮਰੀਕਾ ਤੋਂ** :- ਸ੍ਰੀ ਮੋਹਨ ਅਡਵਾਨੀ, ਡਾ. ਸੁਰਜੀਤ ਕੌਰ, ਸ੍ਰ: ਸੁਰਿੰਦਰਜੀਤ ਸਿੰਘ, ਸਲੂਜਾ ਤੇ ਪਰਿਵਾਰ। **ਆਸਟ੍ਰੇਲੀਆ ਤੋਂ** :- ਡਾ: ਕੇਵਲ ਸਿੰਘ, ਕੁਲਦੀਪ ਕੌਰ ਬੰਸੀ, ਪ੍ਰਵੀਨ ਕੌਰ, ਪੰਨੂ ਪਰਿਵਾਰ, ਸੰਧੀਰਪਾਲ ਸਿੰਘ, ਜੋਤੀ, ਸੁਰਿੰਦਰ ਸਿੰਘ, ਗੁਰਕਿਰਨ ਕੌਰ

ਪਰ ਕੁਝ ਸਾਡੇ ਸਨੇਹੀ ਅਜਿਹੇ ਵੀ ਹਨ, ਜਿਹਨਾਂ ਦੇ ਮਨ ਵਿੱਚ ਸਾਡੇ ਲਈ ਅਥਾਹ ਪਿਆਰ, ਸਤਿਕਾਰ ਅਤੇ ਸ਼ੁਭ-ਇੱਛਾਵਾਂ ਬਿਰਾਜਮਾਨ ਹਨ। ਇਹ ਜਜ਼ਬੇ ਕਈ ਵਾਰ ਸ਼ਬਦਾਂ ਦੀ ਪਕੜ ਵਿੱਚ ਨਾ ਆਉਣ ਕਾਰਨ ਬਿਆਨ ਕਰਨੇ ਮੁਸ਼ਕਿਲ ਹੋ ਜਾਂਦੇ ਹਨ, ਇਸ ਲਈ ਅਜਿਹੇ ਸੱਜਣਾਂ ਮਿੱਤਰਾਂ ਦਾ ਵੀ ਬਹੁਤ-ਬਹੁਤ ਹਾਰਦਿਕ ਧੰਨਵਾਦ।

ਅੰਮ੍ਰਿਤ ਕੀਰਤਨ ਪਰਿਵਾਰ


### ਗੁਰੂ ਗੋਬਿੰਦ ਸਿੰਘ ਰਾਗ-ਰਤਨਾਵਲੀ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵਿੱਚੋਂ 50 ਸ਼ਬਦਾਂ ਦੀਆਂ ਪ੍ਰੋ: ਤਾਰਾ ਸਿੰਘ ਜੀ ਦੀਆਂ ਵੱਖ-ਵੱਖ ਰਾਗਾਂ ਵਿਚ ਰਚੀਆਂ ਨਿਵਕੇਲੀਆਂ ਸੁਰ ਲਿਪੀਆਂ। ਇਹ ਪੁਸਤਕ ਕੀਰਤਨੀਆਂ ਅਤੇ ਸੰਗੀਤ ਵਿਦਿਆਰਥੀਆਂ ਲਈ ਬੜੀ ਲਾਹੇਵੰਦ ਸਾਬਤ ਹੋਵੇਗੀ।

**ਸੰਪਾਦਕ:** ਸ੍ਰੀਮਤੀ ਸੁਰਜੀਤ ਕੌਰ ਸੁਪਤਨੀ ਪ੍ਰੋ: ਤਾਰਾ ਸਿੰਘ । ਡਾ. ਗੁਰਨਾਮ ਸਿੰਘ ਪੰਜਾਬੀ ਯੂਨੀ: ਪਟਿਆਲਾ

ਪ੍ਰਕਾਸ਼ਕ : ਅੰਮ੍ਰਿਤ ਕੀਤਰਨ ਟ੍ਰਸਟ, 422, ਸੈਕਟਰ 15-ਏ, ਚੰਡੀਗੜ੍ਹ- 160 015

ੴ

ਨਵੇਂ ਸਾਲ ਲਈ ਤੁਹਾਡੇ ਵਲੋਂ ਪੁੱਜੀਆਂ ਸ਼ੁਭ ਇਛਾਵਾਂ ਨਾਲ ਸਾਡਾ ਉਤਸ਼ਾਹ ਵਧਿਆ ਹੈ। ਅਸੀਂ ਆਪ ਸਭ ਦਾ ਧੰਨਵਾਦ ਕਰਦੇ ਹਾਂ। ਪਹਿਲੀ ਜਨਵਰੀ ਵਾਲੇ ਦਿਨ ਸ੍ਰੀ ਹਰਿਮੰਦਰ ਸਾਹਿਬ, ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਤੋਂ ਅੰਮ੍ਰਿਤ ਵੇਲੇ ਜੋ ਹੁਕਮ ਨਾਮਾ ਪ੍ਰਸਾਰਿਤ ਹੋਇਆ ਉਹ ਅਰਥਾਂ ਸਮੇਤ ਆਪ ਨੂੰ ਭੇਟ ਕਰ ਰਹੇ ਹਾਂ। ਅਸੀਂ ਆਪ ਸਭ ਲਈ ਅਰਦਾਸ ਕਰਦੇ ਹਾਂ ਕਿ ਨਵੇਂ ਸਾਲ ਵਿੱਚ ਆਪ ਨੂੰ ਖੁਸ਼ੀਆਂ ਅਤੇ ਖੇੜੇ ਪ੍ਰਾਪਤ ਹੋਣ। ਵਾਹਿਗੁਰੂ ਆਪ ਸਾਰਿਆਂ ਨੂੰ ਇਸ ਹੁਕਮਨਾਮੇ ਅਨੁਸਾਰ ਜੀਵਣ ਜੀਊਣ ਦਾ ਬਲ ਬਖਸ਼ੇ।

**ਆਪ ਦੇ ਪਿਆਰ ਅਭਿਲਾਸ਼ੀ**
**ਅੰਮ੍ਰਿਤ ਕੀਰਤਨ ਪਰਿਵਾਰ**

ਸੋਰਠਿ ਮਹਲਾ ੪॥ ਆਪੇ ਕੰਡਾ ਆਪਿ ਤਰਾਜੀ ਪ੍ਰਭਿ ਆਪੇ ਤੋਲਿ ਤੋਲਾਇਆ॥ ਆਪੇ ਸਾਹੁ ਆਪੇ ਵਣਜਾਰਾ ਆਪੇ ਵਣਜੁ ਕਰਾਇਆ॥ ਆਪੇ ਧਰਤੀ ਸਾਜੀਅਨੁ ਪਿਆਰੈ ਪਿਛੈ ਟੰਕੁ ਚੜਾਇਆ ॥ ੧ ॥ ਮੇਰੇ ਮਨ ਹਰਿ ਹਰਿ ਧਿਆਇ ਸੁਖੁ ਪਾਇਆ॥ ਹਰਿ ਹਰਿ ਨਾਮ ਨਿਧਾਨੁ ਹੈ ਪਿਆਰਾ ਗੁਰਿ ਪੂਰੈ ਮੀਠਾ ਲਾਇਆ॥ ਰਹਾਉ॥ ਆਪੇ ਧਰਤੀ ਆਪਿ ਜਲੁ ਪਿਆਰਾ ਆਪੇ ਕਰੇ ਕਰਾਇਆ ॥ਆਪੇ ਹੁਕਮਿ ਵਰਤਦਾ ਪਿਆਰਾ ਜਲੁ ਮਾਟੀ ਬੰਧਿ ਰਖਾਇਆ॥ ਆਪੇ ਹੀ ਭਉ ਪਾਇਦਾ ਪਿਆਰਾ ਬੰਨਿ ਬਕਰੀ ਸੀਹੁ ਹਢਾਇਆ॥੨॥ ਆਪੇ ਕਾਸਟ ਆਪਿ ਹਰਿ ਪਿਆਰਾ ਵਿਚਿ ਕਾਸਟ ਅਗਨਿ ਰਖਾਇਆ ॥ ਆਪੇ ਹੀ ਆਪਿ ਵਰਤਦਾ ਪਿਆਰਾ ਭੈ ਅਗਨਿ ਨ ਸਕੈ ਜਲਾਇਆ॥ ਆਪੇ ਮਾਰਿ ਜੀਵਾਇਦਾ ਪਿਆਰਾ ਸਾਹ ਲੈਦੇ ਸਭਿ ਲਵਾਇਆ॥ ੩॥ ਆਪੇ ਤਾਣੁ ਦੀਬਾਣੁ ਹੈ ਪਿਆਰਾ ਆਪੇ ਕਾਰੈ ਲਾਇਆ॥ ਜਿਉ ਆਪਿ ਚਲਾਏ ਤਿਉ ਚਲੀਐ ਪਿਆਰੇ ਜਿਉ ਹਰਿ ਪ੍ਰਭ ਮੇਰੇ ਭਾਇਆ॥ ਆਪੇ ਜੰਤੀ ਜੰਤੁ ਹੈ ਪਿਆਰਾ ਜਨ ਨਾਨਕ ਵਜਹਿ ਵਜਾਇਆ॥ ੪॥ ਪੰਨਾ [੬੦੫]

ਅਰਥ:- ਹੇ ਭਾਈ ! ਪ੍ਰਭੂ ਨੇ ਆਪ ਹੀ ਧਰਤੀ ਪੈਦਾ ਕੀਤੀ ਹੋਈ ਹੈ ( ਆਪਣੀ ਮਰਯਾਦਾ ਰੂਪ ਤੱਕੜੀ ਦੇ ) ਪਿਛਲੇ ਛਾਬੇ ਵਿਚ ਚਾਰ ਮਾਸੇ ਦਾ ਵੱਟਾ ਰੱਖ ਕੇ (ਪ੍ਰਭੂ ਨੇ ਆਪ ਹੀ) ਇਸ ਸ੍ਰਿਸ਼ਟੀ ਨੂੰ ਆਪਣੀ ਮਰਯਾਦਾ ਵਿਚ ਰੱਖਿਆ ਹੋਇਆ ਹੈ। (ਇਹ ਕੰਮ ਉਸ ਪ੍ਰਭੂ ਵਾਸਤੇ ਬਹੁਤ ਸਾਧਾਰਨ ਤੇ ਸੌਖਾ ਜਿਹਾ ਹੈ) ਉਹ ਤੱਕੜੀ ਭੀ ਪ੍ਰਭੂ ਆਪ ਹੀ ਹੈ, ਉਸ ਤੱਕੜੀ ਦੀ ਸੂਈ (ਬੋਦੀ) ਭੀ ਪ੍ਰਭੂ ਆਪ ਹੀ ਹੈ, ਪ੍ਰਭੂ ਨੇ ਆਪ ਹੀ ਵੱਟੇ ਨਾਲ (ਇਸ ਸ੍ਰਿਸ਼ਟੀ ਨੂੰ) ਤੋਲਿਆ ਹੋਇਆ ਹੈ। (ਆਪਣੇ ਹੁਕਮ ਵਿਚ ਰੱਖਿਆ ਹੋਇਆ ਹੈ)। ਹੇ ਮੇਰੇ ਮਨ! ਸਦਾ ਪਰਮਾਤਮਾ ਦਾ ਸਿਮਰਨ ਕਰ (ਜਿਸ ਕਿਸੇ ਨੇ ਸਿਮਰਿਆ ਹੈ, ਉਸ ਨੇ) ਸੁਖ ਪਾਇਆ ਹੈ। ਹੇ ਭਾਈ! ਪ੍ਰਮਾਤਮਾ ਦਾ ਨਾਮ (ਸਾਰੇ) ਸੁਖਾਂ ਦਾ ਖਜ਼ਾਨਾ ਹੈ ( ਜਿਹੜਾ ਮਨੁੱਖ ਗੁਰੂ ਦੀ ਸ਼ਰਨ ਪਿਆ ਹੈ) ਪੂਰੇ ਗੁਰੂ ਨੇ ਉਸ ਨੂੰ ਪਰਮਾਤਮਾ ਦਾ ਨਾਮ ਮਿੱਠਾ ਅਨੁਭਵ ਕਰਾ ਦਿੱਤਾ ਹੈ। ਰਹਾਉ। ਪ੍ਰਭੂ ਆਪ ਹੀ (ਇਸ ਧਰਤੀ ਉਤੇ ਵਣਜ ਕਰਨ ਵਾਲਾ) ਸ਼ਾਹੂਕਾਰ ਹੈ, ਆਪ ਹੀ (ਜੀਵ-ਰੂਪ ਹੋ ਕੇ) ਵਣਜ ਕਰਨ ਵਾਲਾ ਹੈ, ਆਪ ਹੀ ਵਣਜ ਕਰ ਰਿਹਾ ਹੈ।੧। ਹੇ ਭਾਈ! ਪ੍ਰਭੂ ਪਿਆਰਾ ਆਪ ਹੀ ਧਰਤੀ ਪੈਦਾ ਕਰਨ ਵਾਲਾ ਹੈ, ਆਪ ਹੀ ਪਾਣੀ ਪੈਦਾ ਕਰਨ ਵਾਲਾ ਹੈ, ਆਪ ਹੀ ਸਭ ਕੁਝ ਕਰਦਾ ਹੈ ਆਪ ਹੀ (ਜੀਵ ਪਾਸੋਂ ਸਭ ਕੁਝ) ਕਰਾਂਦਾ ਹੈ। ਆਪ ਹੀ ਆਪਣੇ ਹੁਕਮ ਅਨੁਸਾਰ ਹਰ ਥਾਂ ਕਾਰ ਚਲਾ ਰਿਹਾ ਹੈ, ਪਾਣੀ ਨੂੰ ਮਿੱਟੀ ਨਾਲ(ਉਸ ਨੇ ਆਪਣੇ ਹੁਕਮ ਵਿਚ ਹੀ) ਬੰਨ੍ਹ ਰੱਖਿਆ ਹੈ (ਪਾਣੀ ਮਿੱਟੀ ਨੂੰ ਰੋੜ੍ਹ ਨਹੀਂ ਸਕਦਾ, ਪਾਣੀ ਵਿਚ ਉਸ ਨੇ) ਆਪ ਹੀ ਆਪਣਾ ਡਰ ਪਾ ਰੱਖਿਆ ਹੈ, (ਮਾਨੋ) ਬੱਕਰੀ ਸ਼ੇਰ ਨੂੰ ਬੰਨ੍ਹ ਕੇ ਫਿਰਾ ਰਹੀ ਹੈ ।੨। ਹੇ ਭਾਈ, ਪ੍ਰਭੂ ਆਪ ਹੀ ਲੱਕੜੀ (ਪੈਦਾ ਕਰਨ ਵਾਲਾ) ਹੈ, (ਆਪ ਹੀ ਅੱਗ ਬਣਾਣ ਵਾਲਾ ਹੈ) ਲੱਕੜੀ ਵਿਚ ਉਸ ਨੇ ਆਪ ਹੀ ਅੱਗ ਟਿਕਾ ਰੱਖੀ ਹੈ। ਪ੍ਰਭੂ ਪਿਆਰਾ ਆਪ ਹੀ ਆਪਣਾ ਹੁਕਮ ਵਰਤਾ ਰਿਹਾ ਹੈ ( ਉਸ ਦੇ ਹੁਕਮ ਵਿਚ) ਅੱਗ (ਲੱਕੜ ਨੂੰ) ਸਾੜ ਨਹੀਂ ਸਕਦੀ। ਪ੍ਰਭੂ ਆਪ ਹੀ ਮਾਰ ਕੇ ਜੀਵਾਲਣ ਵਾਲਾ ਹੈ। ਸਾਰੇ ਜੀਵ ਉਸ ਦੇ ਪ੍ਰੇਰੇ ਹੋਏ ਹੀ ਸਾਹ ਲੈ ਰਹੇ ਹਨ।੩ । ਹੇ ਭਾਈ! ਪ੍ਰਭੂ ਆਪ ਹੀ ਤਾਕਤ ਹੈ, ਆਪ ਹੀ (ਤਾਕਤ ਵਰਤਣ ਵਾਲਾ) ਹਾਕਮ ਹੈ, (ਸਾਰੇ ਜਗਤ ਨੂੰ ਉਸ ਨੇ) ਆਪ ਹੀ ਕਾਰ ਵਿਚ ਲਾਇਆ ਹੋਇਆ ਹੈ। ਹੇ ਪਿਆਰੇ ਸੱਜਣ! ਜਿਵੇਂ ਪ੍ਰਭੂ ਆਪ ਜੀਵਾਂ ਨੂੰ ਤੋਰਦਾ ਹੈ, ਜਿਵੇਂ ਮੇਰੇ ਹਰੀ-ਪ੍ਰਭੂ ਨੂੰ ਭਾਉਂਦਾ ਹੈ, ਤਿਵੇਂ ਹੀ ਚੱਲ ਸਕੀਦਾ ਹੈ। ਹੇ ਦਾਸ ਨਾਨਕ! ਪ੍ਰਭੂ ਆਪ ਹੀ (ਬੀਨ) ਵਾਜਾ (ਬਣਾਣ ਵਾਲਾ) ਹੈ, ਆਪ ਵਾਜਾ ਵਜਾਣ ਵਾਲਾ ਹੈ, ਸਾਰੇ ਜੀਵ-ਵਾਜੇ ਉਸੇ ਦੇ ਵਜਾਏ ਵੱਜ ਰਹੇ ਹਨ ।੪।੪।

# ਅਦੁੱਤੀ ਸ਼ਖਸੀਅਤ
# ਭਾਈ ਸੁਮੰਦ ਸਿੰਘ ਜੀ

ਪ੍ਰਿੰਸੀਪਲ ਦਿਆਲ ਸਿੰਘ

ਭਾਈ ਸਾ: ਭਾਈ ਸਮੁੰਦ ਸਿੰਘ ਜੀ ਦੇ ਰਾਗੀ ਜੱਥੇ ਨਾਲ ਦਿਲਰੁਬਾ ਵਜਾਉਣ ਲਈ ਮੈਂ ਸੰਨ 1952 ਵਿਚ ਲੁਧਿਆਣੇ ਗਿਆ ਸੀ। ਉਦੋਂ ਆਪ ਜੀ ਗੁ: ਕਲਗੀਧਰ ਦੇ ਨੇੜੇ, ਨਵਾਂ ਮਹੱਲਾ ਦੇ ਇਕ ਦੁਮੰਜ਼ਲੇ ਮਕਾਨ ਵਿਚ ਰਹਿੰਦੇ ਸਨ। ਭਾਵੇਂ ਕੁਝ ਮਹੀਨੇ ਹੀ ਆਪ ਜੀ ਨਾਲ ਦਿਲਰੁਬਾ ਵਜਾਉਣ ਦਾ ਮੌਕਾ ਮਿਲਿਆ, ਪਰ ਆਪ ਦੀ ਸ਼ਖਸੀਅਤ ਦਾ ਮੇਰੇ ਮਨ ਤੇ ਐਸਾ ਪ੍ਰਭਾਵ ਪਿਆ ਕਿ ਜਦੋਂ ਭੀ ਆਪ ਦਿੱਲੀ ਆਉਂਦੇ ਤਾਂ ਆਪ ਜੀ ਦੇ ਦਰਸ਼ਨ -ਪਰਸ਼ਨ ਤੇ ਕੀਰਤਨ ਸੁਣਨ ਦੀ ਚਾਹ ਹਮੇਸ਼ਾ ਰਹਿੰਦੀ ਅਤੇ ਜਿੱਥੇ ਵੀ ਆਪ ਕੀਰਤਨ ਕਰਦੇ ਸੁਣਨ ਲਈ ਹਾਜ਼ਰ ਹੁੰਦਾ। ਭਾਈ ਸਾਹਿਬ ਦੇ ਅਮੋਲਕ ਬਚਨ ਅਤੇ ਕੀਰਤਨ ਕਰਨ ਸਮੇਂ ਕਈ ਵਾਰ ਜੋ ਮੈਨੂੰ ਅਨੁਭਵ ਹੋਇਆ ਉਸੇ ਦਾ ਉਲੇਖ ਹੇਠਾਂ ਕਰ ਰਿਹਾ ਹਾਂ:-

ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਪੁਰਬ ਤੇ ਤਾਂ ਭਾਈ ਸਾਹਿਬ ਅਕਸਰ ਦਿੱਲੀ ਆਉਂਦੇ ਹੀ ਸਨ। ਇਕ ਵੇਰ ਸੰਨ 1950 ਵਿਚ ਦਸਮ ਪਾਤਸ਼ਾਹ ਦੇ ਪ੍ਰਕਾਸ਼ ਉਤਸਵ ਤੇ ਵੀ ਆਏ ਤਾਂ ਗੁ: ਸ੍ਰੀ ਰਕਾਬ ਗੰਜ ਵਿਖੇ ਰਾਤ ਦੇ ਦੀਵਾਨ ਵਿਚ "ਜੈ ਜੈ ਜਗ ਤਾਰਣ ਸ੍ਰਿਸਟਿ ਉਬਾਰਣ ਮਮ ਪ੍ਰਤਿਪਾਰਣ ਜੈ ਤੇਗੰ॥" (ਬਚਿੱਤ੍ਰ ਨਾਟਕ ਪਾ:੧੦) ਦਾ ਛੰਦ, ਮਾਲਕੌਂਸ ਰਾਗ ਵਿਚ ਐਸੀ ਮਸਤੀ ਨਾਲ ਗਾਇਨ ਕੀਤਾ ਕਿ ਸਾਰੀ ਸੰਗਤ ਬੀਰ ਰਸ ਦੇ ਰੰਗ ਵਿਚ ਰੰਗੀ ਗਈ। ਕੀਰਤਨ ਦੀ ਸਮਾਪਤੀ ਪਿੱਛੋਂ ਦਿੱਲੀ ਸਿੱਖ ਗੁ: ਪ੍ਰ: ਕਮੇਟੀ ਦੇ ਸਕੱਤ੍ਰ ਸ: ਦਾਨ ਸਿੰਘ ਜੀ ਨੇ ਹੱਥ ਜੋੜ ਕੇ ਕਿਹਾ ਕੇ ਮੈਂ ਦਿੱਲੀ ਦੀ ਸੰਗਤ ਵੱਲੋਂ ਭਾਈ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਆਪ ਜੀ ਗੁ: ਸੀਸ ਗੰਜ ਵਿਖੇ ਬਤੌਰੇ ਸਰਵਿਸ ਕੀਰਤਨ ਕਰਨ ਦੀ ਪ੍ਰਵਾਨਗੀ ਦੇ ਕੇ ਪ੍ਰਬੰਧਕਾਂ ਨੂੰ ਕਿਰਤਾਰਥ ਕਰਨ। ਭਾਈ ਸਾਹਿਬ ਨੇ ਇਕ ਮਿੰਟ ਸੋਚ ਕੇ ਉੱਤਰ ਦਿੱਤਾ ਕਿ ਇਸ ਸਮੇਂ ਸੰਗਤ ਵਿਚ ਹਾਂ, ਜਾਂ ਨਾਂਹ ਕਰਨਾ ਮੇਰੇ ਲਈ ਮੁਸ਼ਕਿਲ ਹੈ। ਪਰ ਬਾਦ ਵਿਚ ਸ: ਦਾਨ ਸਿੰਘ ਜੀ ਨਾਲ ਬੈਠ ਕੇ ਵਿਚਾਰ ਕਰ ਲਵਾਂਗਾ।

ਦੀਵਾਨ ਦੀ ਸਮਾਪਤੀ ਤੋਂ ਬਾਦ ਜਦੋਂ ਭਾਈ ਸਾਹਿਬ ਬਾਹਰ ਆਏ ਤਾਂ ਮੈਂ ਬੜੀ ਨਿਮਰਤਾ ਨਾਲ ਬੇਨਤੀ ਕੀਤੀ ਕਿ ਆਪ ਜੀ ਦਿੱਲੀ ਰਹੋਗੇ ਤਾਂ ਮੇਰੇ ਵਰਗੇ ਹੋਰ ਵੀ ਕਈ ਰਾਗੀ ਸਿੰਘਾਂ ਨੂੰ ਸੰਗੀਤਕ ਗਿਆਨ ਮਿਲਦਾ ਰਹੇਗਾ। ਸੋ ਆਪ ਜੀ ਪ੍ਰਬੰਧਕਾਂ ਦੀ ਬੇਨਤੀ ਪ੍ਰਵਾਨ ਕਰ ਲਵੋ। ਮੇਰੀ ਇਹ ਗੱਲ ਸੁਣ ਕੇ ਉਹਨਾਂ ਬੜੇ ਠਰ੍ਹੰਮੇਂ ਨਾਲ ਮੇਰੇ ਮੋਢੇ ਤੇ ਹੱਥ ਰੱਖ ਕੇ ਕਿਹਾ ਕੇ ਮੇਰੇ ਅਜ਼ੀਜ਼, ਮੈਂ ਸ੍ਰੀ ਨਨਕਾਣਾ ਸਾਹਿਬ ਵਿਖੇ ਬਹੁਤ ਅਰਸੇ ਤਕ ਸਰਵਿਸ ਰੂਪ ਵਿਚ ਕੀਰਤਨ ਰਾਹੀਂ ਸੇਵਾ ਕੀਤੀ ਹੈ। ਪਰ ਉਥੇ ਮੈਂ ਖੁਦ-ਮੁਖਤਿਆਰ ਸਾਂ, ਕੀਰਤਨ ਸੰਬੰਧੀ ਕੋਈ ਪ੍ਰੋਗਰਾਮ ਮੇਰੀ ਸਹਿਮਤੀ ਤੋਂ ਬਗੈਰ ਨਹੀਂ ਸੀ ਹੁੰਦਾ। ਹੁਣ ਸਮਾਂ ਬਦਲ ਗਿਆ ਹੈ, ਜਿਸ ਕਾਰਣ ਇਨ੍ਹਾਂ ਪ੍ਰਬੰਧਕ ਕਮੇਟੀਆਂ ਦੇ ਪ੍ਰਬੰਧ ਹੇਠ ਕੰਮ ਕਰਨਾ ਮੁਸ਼ਕਿਲ ਹੈ। ਇਹ ਕਹਿ ਕੇ ਆਪ ਚਲੇ ਗਏ ਅਤੇ ਮੈਂ ਵੀ ਸਮਝ ਗਿਆ ਕਿ ਚੰਗੇ ਕੀਰਤਨੀਆਂ(ਕਲਾਕਾਰਾਂ) ਦਾ ਬੰਧਨਾਂ ਵਿਚ ਰਹਿਣਾ ਕਠਿਨ ਹੈ।

ਸ: ਗਿਆਨ ਸਿੰਘ ਜੀ (ਐਬਟਾਬਾਦ) ਦੇ ਨਾਮ ਹੇਠ "ਗੁਰਬਾਣੀ ਸੰਗੀਤ" ਪੁਸਤਕ ਨੂੰ ਸ਼੍ਰੋਮਣੀ ਗੁ: ਪ੍ਰ: ਕਮੇਟੀ ਅੰਮ੍ਰਿਤਸਰ ਨੇ ਪਹਿਲੀ ਵਾਰ ਸੰਨ 1961 ਵਿਚ ਪ੍ਰਕਾਸ਼ਤ ਕੀਤਾ। ਇਸ ਨੂੰ ਲਿਖ ਕੇ ਲਿਆਉਣ ਤੇ ਪਰੂਫ ਆਦਿ ਵੇਖਣ ਦੀ ਸੇਵਾ ਦਾਸ ਨੇ ਕੀਤੀ ਸੀ। ਉਸ ਦੀਆਂ ਦਸ ਕਾਪੀਆਂ ਸ: ਗਿਆਨ ਸਿੰਘ ਜੀ ਨੇ ਮੈਨੂੰ ਵੀ ਦਿੱਤੀਆਂ ਸਨ। ਉਨ੍ਹਾਂ ਵਿਚੋਂ ਇਕ ਕਾਪੀ ਮੈਂ ਭਾਈ ਸਾਹਿਬ ਜੀ ਨੂੰ ਦੇਣ ਮਾਡਲ ਟਾਊਨ ਲੁਧਿਆਣੇ ਗਿਆ ਸੀ। ਸੰਗੀਤ ਦੀ ਪੁਸਤਕ ਨੂੰ ਵੇਖ ਕੇ ਆਪ ਨੇ ਜੋ ਬਚਨ ਕਹੇ ਉਹ ਅਮੋਲਕ ਹਨ। ਮੈਨੂੰ ਸੰਬੋਧਨ ਕਰ ਕੇ ਕਹਿਣ ਲੱਗੇ, "ਭਾਈ ਦਿਆਲ ਸਿੰਘ ਜੀ, ਨਾ ਤਾਂ ਮੈਂ ਸੰਗੀਤਕ ਥਿਉਰੀ ਨੂੰ ਬਹੁਤਾ ਜਾਣਦਾ ਹਾਂ ਅਤੇ ਨਾ ਹੀ ਇਸ ਤਾਲ-ਬਧ ਸੁਰ-ਲਿਪੀ (ਨੁਟੇਸ਼ਨ) ਨੂੰ ਸਿੱਖਿਆ ਹੈ। ਮੈਂ ਤਾਂ ਕੇਵਲ ਗੁਰੂ ਕਾ ਕੀਰਤਨੀਆਂ ਹਾਂ। ਪਰ ਇਕ ਗੱਲ ਮੈਂ ਕਹਿ ਸਕਦਾ ਹਾਂ, ਕਿ ਜਿਨ੍ਹਾਂ ਰਾਗਾਂ ਨੂੰ ਮੈਂ ਗਾਇਨ ਕਰਦਾ ਹਾਂ, ਉਹਨਾਂ ਨੂੰ ਪਹਿਲਾਂ ਕਿਸੇ ਚੰਗੇ ਗਾਇਕ-ਵਾਦਕ ਤੋਂ ਜ਼ਰੂਰ ਸੁਣਦਾ ਹਾਂ। ਜਿਵੇਂ, ਰਾਗ ਲਲਿਤ, ਰਾਮਕਲੀ, ਅਹੀਰ ਭੈਰਉ, ਦੇਸੀ ਟੋਡੀ, ਸਿੰਧ ਭੈਰਵੀ, ਮੁਲਤਾਨੀ ਇਤਿਆਦਿ। ਕਿਉਂਕਿ ਜੇ ਕਰ ਅਸੀਂ ਰਾਗਾਂ ਨੂੰ ਸ਼ੁੱਧ ਰੂਪ ਵਿਚ ਨਹੀਂ ਗਾਵਾਂਗੇ ਤਾਂ ਚੰਗੇ ਸ੍ਰੋਤਿਆਂ ਤੇ ਸਾਡੀ ਗਾਇਕੀ ਦਾ ਕੋਈ ਪ੍ਰਭਾਵ ਨਹੀਂ ਪਵੇਗਾ। ਇਸੇ ਕਰ ਕੇ ਮੈਂ ਉਨ੍ਹਾਂ ਪੁਰਾਤਨ ਸ਼ਬਦ ਰੀਤਾਂ ਨੂੰ ਅਕਸਰ ਨਹੀਂ ਗਾਉਂਦਾ, ਜਿਨ੍ਹਾਂ ਵਿਚ ਰਾਗ ਦਾ ਸਹੀ ਸਰੂਪ ਪ੍ਰਗਟ ਨਾ ਹੋਵੇ। ਬਾਕੀ ਸ: ਗਿਆਨ ਸਿੰਘ ਜੀ ਨੇ ਪੁਰਾਤਨ ਸ਼ਬਦ ਰੀਤਾਂ ਨੂੰ ਨੁਟੇਸ਼ਨ ਕਰਵਾ ਕੇ ਜੋ ਸ਼੍ਰੋਮਣੀ ਕਮੇਟੀ ਰਾਹੀਂ ਪੁਸਤਕ ਪ੍ਰਿੰਟ ਕਰਵਾਈ ਹੈ, ਇਹ ਉਹਨਾਂ ਦਾ ਬਹੁਤ ਸ਼ਲਾਘਾ ਯੋਗ ਉਦੱਮ ਹੈ। ਮੇਰੇ ਵਲੋਂ ਸਰਦਾਰ ਜੀ ਨੂੰ ਧੰਨਵਾਦ ਵਜੋਂ ਗੁਰ ਫਤਿਹ ਗਜਾਉਣੀ।"

ਸੰਨ 1961 ਵਿਚ ਪੰਜਾਬੀ ਸੂਬੇ ਦੇ ਮੋਰਚੇ ਸਮੇਂ ਜਦੋਂ ਪੰਡਿਤ ਜਵਾਹਰ ਲਾਲ ਨਹਿਰੂ ਜੀ ਦੇ ਕਹਿਣ ਤੇ ਮਾਸਟਰ ਤਾਰਾ

ਸਿੰਘ ਜੀ ਨੇ ਸੰਤ ਬਾਬਾ ਫਤਿਹ ਸਿੰਘ ਜੀ ਦਾ ਮਰਣ-ਵਰਤ ਛੁੜਾਇਆ ਸੀ ਤਾਂ ਸ਼੍ਰੋਮਣੀ ਗੁ: ਪ੍ਰ: ਕਮੇਟੀ ਵੱਲੋਂ ਸ੍ਰੀ ਮੰਜੀ ਸਾਹਿਬ ਅੰਮ੍ਰਿਤਸਰ ਵਿਖੇ ਵੱਡੀ ਪੱਧਰ ਤੇ ਕੀਰਤਨ ਦਰਬਾਰ ਹੋਇਆ ਸੀ। ਜਿਸ ਵਿਚ ਪੰਥ ਦੇ ਹੋਰ ਪ੍ਰਸਿੱਧ ਜੱਥਿਆਂ ਤੋਂ ਇਲਾਵਾ ਭਾਈ ਸਾਹਿਬ ਜੀ ਨੂੰ ਭੀ ਉਚੇਚੇ ਤੌਰ ਤੇ ਸੱਦਿਆ ਗਿਆ ਸੀ। ਆਪ ਜੀ ਤੋਂ ਪਹਿਲਾਂ ਇਕ ਰਾਗੀ ਜੱਥੇ ਨੇ ਜੋ ਬਾਦ ਵਿਚ ਆਪਣੀ ਸੁਰੀਲੀ ਤੇ ਬੁਲੰਦ ਆਵਾਜ਼ ਕਾਰਣ ਪੰਥ ਵਿਚ ਬਹੁਤ ਪ੍ਰਸਿੱਧ ਹੋਇਆ। ਭਾਈ ਸਾਹਿਬ ਦੀ ਸ਼ਬਦ-ਰੀਤ "ਹਮਾਰੈ ਇਹ ਕਿਰਪਾ ਕੀਜੈ॥" ਰਾਗ ਹਮੀਰ ਵਿਚ ਗਾਇਨ ਕਰਨ ਸਮੇਂ ਹਮੀਰ ਦੀ ਥਾਂ ਕਲਿਆਨ ਰਾਗ ਦਾ ਹੀ ਅਲਾਪ ਕਰਦਾ ਰਿਹਾ। ਉਸ ਤੋਂ ਬਾਦ ਭਾਈ ਸਾਹਿਬ ਨੇ "ਕਰਿ ਸਾਧੂ ਅੰਜੁਲੀ ਪੁੰਨੁ ਵਡਾ ਹੇ॥ ਕਰਿ ਡੰਡਉਤ ਪੁਨੁ ਵਡਾ ਹੈ॥" ਗਉੜੀ ਪੂਰਬੀ ਰਾਗ ਵਿਚ ਗਾਇਆ, ਆਪ ਜੀ ਨਾਲ ਦਿਲਰੁਬਾ ਤੇ ਮੈਂ ਸੰਗਤ ਕਰ ਰਿਹਾ ਸੀ।

ਮੈਂ 1959 ਤੋਂ 64 ਤਕ ਸ੍ਰੀ ਹਰਿ ਮੰਦਰ ਸਾਹਿਬ (ਦਰਬਾਰ ਸਾਹਿਬ) ਵਿਖੇ ਸਵੇਰੇ-ਸ਼ਾਮ ਕੀਰਤਨ ਚੌਕੀ ਨਾਲ ਦਿਲਰੁਬਾ ਵਜਾਉਣ ਦੀ ਸੇਵਾ ਕਰਦਾ ਰਿਹਾ ਹਾਂ। ਸੋ, ਜਦੋਂ ਵੀ ਭਾਈ ਸਾਹਿਬ ਅੰਮ੍ਰਿਤਸਰ ਆਉਂਦੇ ਤਾਂ ਮੈਨੂੰ ਕੀਰਤਨ ਨਾਲ ਦਿਲਰੁਬਾ ਵਜਾਉਣ ਲਈ ਕਹਿੰਦੇ ਸੀ। ਇੰਜ ਕੀਰਤਨ ਦੀ ਸਮਾਪਤੀ ਤੋਂ ਬਾਦ ਜਦੋਂ ਅਸੀਂ ਗੁ: ਕਮੇਟੀ ਦੀ ਕੈਂਟੀਨ ਵਿਚ ਪ੍ਰਸ਼ਾਦਾ ਛਕਣ ਲਈ ਆ ਰਹੇ ਸਾਂ, ਤਾਂ ਭਾਈ ਹਰਨਾਮ ਸਿੰਘ ਜੀ, ਜੋ ਕਾਫ਼ੀ ਅਰਸਾ ਭਾਈ ਸਾਹਿਬ ਨਾਲ ਜੋੜੀ (ਤਬਲਾ) ਵਜਾਉਣ ਦੇ ਨਾਲ ਕੀਰਤਨ ਵਿਚ ਗਾਉਣ ਦਾ ਪੂਰਾ ਸਾਥ ਵੀ ਦਿੰਦੇ ਸਨ, ਨੇ ਮੈਨੂੰ ਪੁੱਛਿਆ ਕਿ ਭਾਈ ਦਿਆਲ ਸਿੰਘ ਯਾਰ, ਤੂੰ ਸੰਗੀਤ ਦਾ ਚੰਗਾ ਜਾਣੂ ਹੈਂ, ਤੂੰ ਦੱਸ ਇਹ ਰਾਗੀ ਸਿੰਘ ਜਿਸ ਨੂੰ ਭਾਈ ਸਾਹਿਬ ਹਮੀਰ ਰਾਗ ਆਖਦੇ ਹਨ ਕੀ ਉਸ ਵਿਚ ਕਲਿਆਨ ਰਾਗ ਦਾ ਅਲਾਪ ਨਹੀ ਸੀ ਕਰ ਰਿਹਾ। ਮੈਂ ਉੱਤਰ ਦਿੱਤਾ ਕਿ ਭਾਈ ਹਰਨਾਮ ਸਿੰਘ ਜੀ ਸਾਡੇ ਰਾਗੀ ਸਿੰਘਾਂ ਨੂੰ 'ਹਉਮੈਂ' ਦਾ ਰੋਗ ਹੈ। ਇਸ ਕਾਰਣ ਕਿਸੇ ਤੋਂ ਸ਼ਬਦ-ਰੀਤ ਸਿੱਖਣਾ ਤਾਂ ਕਿਤੇ, ਰਾਗ ਦਾ ਨਾਮ ਜਾਂ ਸ੍ਵਰ-ਰੂਪ ਪੁਛੱਣਾ ਵੀ ਆਪਣੀ ਹੇਠੀ ਸਮਝੇ ਹਨ। ਉਸੇ ਦਾ ਪ੍ਰਤੱਖ ਨਜ਼ਾਰਾ ਤੈਂ ਵੇਖ ਹੀ ਲਿਆ ਹੈ। ਅਜੇ ਅਸੀਂ ਦੋਵੇਂ ਗੱਲਾਂ ਕਰ ਹੀ ਰਹੇ ਸਾਂ ਕਿ ਸਹਿਜੇ-ਸਹਿਜੇ ਟੁਰਦੇ ਭਾਈ ਸਾਹਿਬ ਭੀ ਪਹੁੰਚ ਗਏ, ਸਾਡੇ ਵੱਲ ਵੇਖ ਕੇ ਪੁੱਛਿਆ ਕੀ ਗਲ-ਬਾਤ ਹੋ ਰਹੀ ਹੈ। ਮੈ ਤਾਂ ਚੁੱਪ ਕਰ ਗਿਆ, ਪਰ ਭਾਈ ਹਰਨਾਮ ਸਿੰਘ ਨੇ ਕਿਹਾ ਕਿ ਅਸੀਂ ਹਮੀਰ ਰਾਗ ਦੀ ਸ਼ਬਦ-ਰੀਤ ਬਾਰੇ ਗੱਲ ਕਰ ਰਹੇ ਸਾਂ, ਜਿਸ ਵਿਚ ਥੋੜ੍ਹਾ ਚਿਰ ਪਹਿਲਾਂ ਰਾਗੀ ਸਿੰਘ ਹਮੀਰ ਦੀ ਥਾਂ ਕਲਿਆਨ ਰਾਗ ਦਾ ਅਲਾਪ ਕਰ ਰਿਹਾ ਸੀ। ਇਹ ਸੁਣ ਕੇ ਆਪ ਥੋੜ੍ਹਾ ਗੁੱਸੇ ਵਿਚ ਹੋ ਕਹਿਣ ਲੱਗੇ "ਇਹ ਨਿਗੁਰੇ ਲੋਗ ਹਨ, ਐਸੇ ਬੰਦੇ ਨਾ ਕਿਸੇ ਤੋਂ ਰਾਗ ਪੁੱਛਦੇ ਹਨ ਅਤੇ ਨਾ ਹੀ ਉਸ ਦਾ ਰੂਪ, ਕੇਵਲ ਸੁਣ ਕੇ ਦੂਜੇ ਦੀ ਸ਼ਬਦ-ਰੀਤ ਨੂੰ ਗਾਇਨ ਕਰਨਾ ਹੀ ਆਪਣੀ ਕਲਾਕਾਰੀ ਸਮਝਦੇ ਹਨ।"

ਨਿਝੱਕ ਹੋ ਕੇ ਗੱਲ ਕਰਨ ਦੀ ਆਦਤ ਮੈਨੂੰ ਬਚਪਨ ਤੋਂ ਹੀ ਹੈ। ਸੋ, ਉਸੇ ਸੁਭਾਵ ਅਨੁਸਾਰ ਮੈਂ ਕਿਹਾ ਭਾਈ ਸਾਹਿਬ ਅੱਜ ਆਪ ਦੇ ਕੀਰਤਨ ਵਿਚ ਅਨੰਦ ਨਹੀਂ ਆਇਆ। ਇਹ ਸੁਣ ਕੇ ਉਹ ਮੁਸਕਰਾਏ ਅਤੇ ਫਿਰ ਆਖਣ ਲੱਗੇ ਅਸਲ ਵਿਚ ਗਉੜੀ ਪੂਰਬੀ ਇਕ ਤਾਂ ਕਠਿਨ ਰਾਗ ਹੈ ਅਤੇ ਦੂਜਾ ਇਹ ਸ਼ਬਦ-ਰੀਤ ਮੈਂ ਨਵੀਂ ਤਿਆਰ ਕੀਤੀ ਹੈ ਜਿਸ ਕਰ ਕੇ ਸਹੀ ਰੂਪ ਵਿਚ ਰਸ ਬਣਿਆ ਨਹੀ। ਇਹ ਤੇਰੀ ਗੱਲ ਠੀਕ ਹੈ। ਬਾਕੀ, ਅਸਾਂ ਕੱਲ ਫਿਰ ਰਾਤੀਂ ਸ੍ਰੀ ਅਕਾਲ ਤਖ਼ਤ ਸਾਹਿਬ ਕੀਰਤਨ ਕਰਨਾ ਹੈ ਤੂੰ ਆਪਣਾ ਦਿਲਰੁਬਾ ਲੈ ਕੇ ਆਵੀਂ। ਅਗਲੇ ਦਿਨ ਸੋਦਰ ਦੇ ਪਾਠ ਤੋਂ ਬਾਦ ਦੀਵਾਨ ਸਜਿਆ। ਭਾਈ ਸਾਹਿਬ ਨੇ ਛੋਟੀ ਤਿੰਨ ਤਾਲ ਵਿਚ ਕਲਿਆਨ ਰਾਗ ਦਾ "ਮੇਰੇ ਲਾਲਨ ਕੀ ਸੋਭਾ॥" ਗਾਉਣਾ ਆਰੰਭ ਕੀਤਾ, ਸ਼ਬਦ ਦਾ ਅਸਥਾਈ-ਅੰਤਰਾ ਗਾਉਣ ਤੋਂ ਬਾਦ ਪੂਰਵਾਂਗ ਦਾ ਅਲਾਪ ਕਰਦੇ ਹੋਏ ਫਿਰ ਅੰਤਰਾ ਚੁੱਕਿਆ। ਤੁਕ "ਜੋਗ ਗਿਆਨ ਧਿਆਨ ਸੇਖ ਨਾਗੈ॥" ਇਕ ਦੋ ਵਾਰ, ਤਾਰ-ਸਪਤਕ ਦਾ ਖੜਜ ਤੇ ਰਿਖਭ ਲਾਉਣ ਤੋਂ ਬਾਦ ਜਦੋਂ ਆਪ ਜੀ ਨੇ ਪੂਰੀ ਇਕਾਗਰਤਾ ਨਾਲ ਗੰਧਾਰ ਸੁਰ ਲਇਆ ਤਾਂ ਮੇਰੇ ਸਰੀਰ ਵਿਚ ਝਰਨਾਟ ਛਿੜ ਗਈ, ਪਰ ਮੈਂ ਕੁਝ ਸਮਝ ਨਹੀਂ ਸਕਿਆ। ਫਿਰ ਦੋ ਤਿੰਨ ਵਾਰ ਤੁਕ ਗਾਉਂਦੇ ਹੋਏ ਖੜਜ ਤੇ ਥੋੜ੍ਹਾ ਠਹਿਰ ਕੇ ਮੁੜ "ਨ ਰੰ ਗ" ਲਾਇਆ ਤਾਂ ਸੱਚ ਜਾਣੋਂ ਮੈਨੂੰ ਇੰਜ ਮਹਿਸੂਸ ਹੋਇਆ ਜਿਵੇਂ, ਬਿਜਲੀ ਨਾਲ ਛੂਹ ਗਿਆ ਹੋਵਾਂ। ਮੇਰੇ ਮੂੰਹ ਤੋਂ ਸੁਤੇ ਨਿਕਲਿਆ "ਵਾਹ"। ਉਦੋਂ ਮੈਨੂੰ ਅਨਭਵ ਹੋਇਆ ਕਿ ਰਾਗ ਦਾ ਵਾਦੀ ਸੁਰ ਕੀ ਮਹੱਤਵ ਰੱਖਦਾ ਹੈ।

ਹੁਣ ਤੋਂ 30-40 ਸਾਲ ਪਹਿਲਾਂ ਕੀਰਤਨ ਦਰਬਾਰ ਖਾਸ ਮਹੱਤਵ ਰੱਖਦੇ ਸਨ। ਭਾਵ, ਉਦੋਂ ਗੁਰ ਪੁਰਬਾਂ ਦੇ ਮੌਕੇ ਜਾਂ ਕਿਸੇ ਖਾਸ ਉਤਸਵ ਸਮੇਂ ਕੀਰਤਨ ਦਰਬਾਰ ਹੁੰਦੇ ਤਾਂ ਰਾਗੀ ਸਿੰਘ ਆਪਣਾ ਹੁਨਰ ਦਿਖਾਉਣ ਲਈ ਆਦਿ ਗ੍ਰੰਥ ਵਿਚ ਲਿਖੀਆਂ ਪੜਤਾਲਾਂ ਤੇ ਅਸ਼ਟਪਦੀਆਂ ਨੂੰ ਭਿੰਨ-ਭਿੰਨ ਰਾਗਾਂ ਤੇ ਤਾਲਾਂ ਵਿਚ ਉਚੇਚੇ ਤੌਰ ਤੇ ਗਾਉਂਦੇ ਸਨ। ਉਦੋਂ ਦਿੱਲੀ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਸ਼ਹਿਦੀ ਪੁਰਬ ਦਾ ਕੀਰਤਨ ਦਰਬਾਰ ਖਾਸ ਵਿਸ਼ੇਸ਼ਤਾ ਰੱਖਦਾ ਸੀ। ਲਗ-ਭਗ 1966 ਦੀ ਗੱਲ ਹੈ ਜਦੋਂ ਭਾਈ ਅੰਗਦ ਸਿੰਘ ਭਗਵੰਤ ਸਿੰਘ ਜੀ, ਭਾਈ ਤ੍ਰਿਲੋਚਨ ਸਿੰਘ ਜੀ, ਭਾਈ ਅਵਤਾਰ ਸਿੰਘ ਗੁਰਚਰਨ ਸਿੰਘ ਜੀ, ਭਾਈ ਸੰਤਾ ਸਿੰਘ ਜੀ ਅਤੇ ਭਾਈ ਪ੍ਰਤਾਪ ਸਿੰਘ ਜੀ ਦੇ ਰਾਗੀ ਜੱਥਿਆਂ ਤੋਂ ਬਾਦ ਭਾਈ ਸਮੁੰਦ ਸਿੰਘ ਜੀ ਆਪਣੇ ਜੱਥੇ ਸਹਿਤ ਕੀਰਤਨ ਕਰਨ ਲਈ ਸਟੇਜ ਤੇ ਬੈਠੇ, ਤਾਂ ਉਸ ਸਮੇਂ ਗੁ: ਸੀਸ ਗੰਜ ਦੇ ਲਾਗੇ ਗਾਂਧੀ ਗਰਾਉਂਡ ਦਾ ਪੰਡਾਲ ਗੁਰੂ ਕੀਆਂ ਸੰਗਤਾਂ ਨਾਲ ਭਰਪੂਰ ਸੀ। ਭਾਈ ਸਾਹਿਬ ਨੇ ਬੜੇ ਇਕਾਗਰ ਮਨ ਨਾਲ ਪਹਿਲਾਂ ਰਾਗ ਕਲਾਵਤੀ ਵਿਚ ਡੰਡਉਤ ਬੰਦਨਾ ਕਰਕੇ ਨੌਵੇਂ ਪਾਤਸ਼ਾਹ ਦਾ

"ਸਾਧੋ ਮਨ ਕਾ ਮਾਨੁ ਤਿਆਗਉ॥" ਗਾਉਣਾ ਆਰੰਭ ਕੀਤਾ। ਅਸਥਾਈ-ਅੰਤਰਾ ਗਾਉਣ ਦੇ ਨਾਲ ਵਿਚ ਵਿਚ ਅਲਾਪ ਭੀ ਕਰਦੇ ਰਹੇ। ਪਰ ਜਦੋਂ ਸ਼ਬਦ ਦੀ ਅੰਤਲੀ ਤੁਕ "ਜਨ ਨਾਨਕ ਇਹੁ ਖੇਲੁ ਕਠਨੁ ਹੈ" ਗਾਉਂਦੇ-ਗਾਉਂਦੇ ਐਸੇ ਰਸ ਮਗਨ ਹੋਏ ਅਤੇ ਉਸ ਦਾ ਸੰਗਤ ਤੇ ਕੀ ਪ੍ਰਭਾਵ ਪਇਆ, ਉਹ ਦ੍ਰਿਸ਼ ਵੇਖਣ ਵਾਲਾ ਸੀ। ਭਾਵ, ਜਦੋਂ ਆਪ ਜੀ ਖੱਬੇ ਹੱਥ ਮੂੰਹ ਕਰ ਕੇ ਸੁਰ ਲਾਉਂਦੇ ਤਾਂ ਸੰਗਤ ਖੱਬੇ ਹੋ ਜਾਵੇ ਅਤੇ ਜਦੋਂ ਸੱਜੇ ਮੂੰਹ ਕਰਦੇ ਤਾਂ ਸਭ ਦਾ ਮੂੰਹ ਸੱਜੇ ਹੋ ਜਾਂਦਾ ਸੀ। ਇਕ-ਦੋ ਮਿੰਟ ਇੰਜ ਹੀ ਹੁੰਦਾ ਰਿਹਾ, ਇਹ ਨਜ਼ਾਰਾ ਮੈਂ ਤੇ ਭਾਈ ਸੰਤ ਸਿੰਘ ਰਾਗੀ (ਅਮਰੀਕਾ) ਪ੍ਰਤੱਖ ਵੇਖ ਰਹੇ ਸਾਂ। ਫਿਰ ਭਾਈ ਸਾਹਿਬ ਥੋੜ੍ਹਾ ਰੁਕੇ ਅਤੇ ਕਿਹਾ - ਸਾਧ ਸੰਗਤ ਜੀ ਰਾਗ ਗਾਉਣਾ ਭੀ ਔਖਾ ਹੈ ਅਤੇ ਕੀਰਤਨ ਕਰਨਾ ਉਸ ਤੋਂ ਭੀ ਕਠਿਨ। ਸਿੱਖ ਤੇ ਗੁਰੂ ਦੀ ਕਿਰਪਾ ਹੋਵੇ ਤਾਂ ਗੁਰੂ ਕਾ ਜਸ ਗਾਇਨ ਹੁੰਦਾ ਹੈ ਨਹੀਂ ਤਾਂ ਨਹੀਂ। ਇੰਜ ਕਹਿੰਦੇ ਹੋਏ ਆਪ ਜੀ ਨੇ "ਜਨ ਨਾਨਕ ਇਹੁ ਖੇਲੁ ਕਠਨੁ ਹੈ, ਕਿਨਹੂ ਗੁਰਮੁਖਿ ਜਾਨਾ॥" ਗਾਇਨ ਕਰ ਸ਼ਬਦ ਦੀ ਸਮਾਪਤੀ ਕੀਤੀ, ਤਾਂ ਸੰਗਤਾਂ ਅਤੇ ਰਾਗੀ ਸਿੰਘਾਂ ਨੇ ਮਾਇਆ ਦਾ ਮੀਂਹ ਵਰਸਾ ਦਿੱਤਾ।

ਭਾਈ ਸਾਹਿਬ ਰਾਗ-ਤਾਲ ਤੋਂ ਇਲਾਵਾ ਬਾਣੀ ਕੰਠ ਕਰਨ ਦਾ ਅਭਿਆਸ ਭੀ ਕਰਦੇ ਸਨ। ਮੈਂ ਆਪ ਜੀ ਦਾ ਕੀਰਤਨ ਬਹੁਤ ਬਾਰ ਸੁਣਿਆ ਹੈ, ਪਰ ਕਿਸੇ ਸਮੇਂ ਐਸਾ ਹੁੰਦਾ ਕਿ ਕਦੇ ਸ਼ਬਦ ਦੀ ਤੁਕ ਭੁੱਲ ਜਾਣੀ ਜਾਂ ਤੁਕ ਅੱਗੇ-ਪਿੱਛੇ ਗਾਇਨ ਕਰ ਦੇਣੀ। ਜਦੋਂ ਇੰਜ ਹੁੰਦਾ ਤਾਂ ਆਪ ਦੇ ਸਾਥੀ ਭਾਈ ਤੇਜਾ ਸਿੰਘ ਜੀ ਸ਼ਬਦ ਦੀਆਂ ਤੁਕਾਂ ਮੁੜ ਗਾਇਨ ਕਰਦੇ। ਮੈਂ ਉਦੋਂ ਇਸ ਭੇਦ ਭਰੀ ਰਮਜ਼ ਨੂੰ ਸਮਝ ਨਹੀਂ ਸਕਿਆ। ਪਰ ਹੁਣ ਮੈਂ ਕਹਿ ਸਕਦਾ ਹਾਂ ਕਿ ਇੰਜ ਕਿਉਂ ਹੋ ਜਾਂਦਾ ਸੀ। ਅਸਲ ਵਿਚ ਬੰਦੇ ਨੂੰ ਸਹੀ ਸਮਝ ਉਦੋਂ ਤਕ ਨਹੀਂ ਆਉਂਦੀ ਜਦੋਂ ਤਕ ਉਸ ਤੇ ਨਾ ਵਾਪਰੇ। ਮੇਰਾ ਕਹਿਣ ਦਾ ਭਾਵ ਹੈ ਕਿ ਕਿਸੇ ਸਮੇਂ ਬੰਦਾ ਆਪਣੀ ਕਲਾ (ਹੁਨਰ) ਵਿਚ ਇਤਨਾ ਮਗਨ ਹੋ ਜਾਂਦਾ ਹੈ ਕਿ ਉਸ ਨੂੰ ਆਪਣਾ ਆਪਾ ਭੁੱਲ ਜਾਂਦਾ ਹੈ। ਉਸ ਦੀ ਸੁਰਤ ਇਕ ਥਾਂ ਟਿਕ ਜਾਂਦੀ ਹੈ, ਫਿਰ ਉਸ ਨੂੰ ਪਤਾ ਨਹੀ ਰਹਿੰਦਾ ਕਿ ਮੈਂ ਕਿਥੇ ਸਾਂ, ਕੀ ਕਰ ਰਿਹਾ ਸੀ ਅਤੇ ਕੀ ਕਰਨਾ ਹੈ। ਸੋ, ਕਿਸੇ ਸਮੇਂ ਕੀਰਤਨ ਕਰਦਿਆਂ ਭਾਈ ਸਾਹਿਬ ਭੀ ਉਸ ਅਵਸਥਾ ਵਿਚ ਪਹੁੰਚ ਜਾਂਦੇ ਸਨ।

ਭਾਈ ਸਾਹਿਬ ਸਬੰਧੀ ਜਾਂ ਉਨ੍ਹਾਂ ਦੀ ਸ਼ਖਸੀਅਤ ਬਾਰੇ ਜੋ ਵਿਚਾਰ ਮੈਂ ਲਿੱਖੇ ਹਨ ਇਨ੍ਹਾਂ ਨੂੰ ਕੇਵਲ ਸ਼ਰਧਾ ਜਾਂ ਅਨਿਨ ਭਗਤੀ ਨਾ ਸਮਝਣਾ, ਇਹ ਵਿਸ਼ੇਸ਼ਤਾਵਾਂ ਉਨ੍ਹਾਂ ਵਿਚ ਸਨ। ਕਿਉਂਕਿ ਮੈਂ ਭੀ ਇਸ ਹੁਨਰ ਦਾ ਜਾਣੂ ਹਾਂ ਅਤੇ ਵੀਹ-ਪੰਜੀਹ ਸਾਲ ਦਿਲਰੁਬਾ ਤੇ ਸਰੰਦਾ (ਤੰਤੀ ਸਾਜ਼) ਵਜਾਉਂਦਾ ਰਿਹਾ ਹਾਂ, ਹੁਣ ਗੁਰਮਤਿ ਵਿਦਿਆਲਾ ਗੁ:ਰਕਾਬ ਗੰਜ ਦਿੱਲੀ ਵਿਖੇ ਬੱਚਿਆਂ ਨੂੰ ਤੀਹ ਸਾਲਾਂ ਤੋਂ ਗੁਰਬਾਣੀ ਤੇ ਕੀਰਤਨ ਸਿਖਾਉਣ ਦੀ ਸੇਵਾ ਕਰ ਰਿਹਾ ਹਾਂ। ਉਸੇ ਤਜਰਬੇ ਅਤੇ ਅਨੁਭਵ ਨਾਲ ਭਾਈ ਸਾਹਿਬ ਜੀ ਦੀ ਮਹਾਨਤਾ ਨੂੰ ਸਮਝ ਕੇ ਹੀ ਕਣ ਮਾਤ੍ਰ ਰੂਪ ਵਿਚ ਇਹ ਸ਼ਬਦ ਲਿਖੇ ਹਨ। ਭਾਈ ਸਮੁੰਦ ਸਿੰਘ ਜੀ ਜਿੱਥੇ ਉੱਚ ਕੋਟੀ ਦੇ ਕੀਰਤਨੀਏ ਸਨ, ਉੱਥੇ ਆਪ ਜੀ ਦੀ ਰਹਿਣੀ ਬਹਿਣੀ ਤੇ ਕਰਣੀ ਭੀ ਪੁਰਾਤਨ ਸਿੱਖਾਂ ਵਾਲੀ ਸੀ, ਐਸੇ ਮਹਾਨ ਕੀਰਤਨੀ ਸਿੰਘਾਂ ਦੇ ਤਾਂ ਹੁਣ ਦਰਸ਼ਨ ਭੀ ਦੁਰਲੱਭ ਹਨ। ਐਸੇ ਜੀਵਨ ਵਾਲੇ ਗੁਰਸਿੱਖਾਂ ਲਈ ਤਾਂ ਇਹੁ ਕਹਿਣਾ ਬਣਦਾ ਹੈ:-

ਸਫਲ ਸਫਲ ਭਈ, ਸਫਲ ਜਾਤ੍ਰਾ॥
ਆਵਣ ਜਾਣ ਰਹੇ ਮਿਲੇ ਸਾਧਾ॥


## ਗੁਰਮਤਿ ਸੰਗੀਤ ਵਿਸ਼ੇਸ਼ ਅੰਕ

ਗੁਰਮਤਿ ਸੰਗੀਤ ਦੀ ਜਾਣਕਾਰੀ ਦੇਣ ਵਾਲਾ ਜਿਸ ਵਿੱਚ ਗੁਰਮਤਿ ਸੰਗੀਤ ਦੀ ਉਤਪਤੀ ਤੇ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਰਾਗਾਂ ਦੀ ਵਿਲੱਖਣਤਾ, ਗੁਰਮਤਿ ਸੰਗੀਤ ਵਿੱਚ ਰਾਗ ਦਾ ਮਹੱਤਵ, ਗੁਰਮਤਿ ਸੰਗੀਤ ਤੇ ਵਿਵਹਾਰ, ਗੁਰਮਤਿ ਸੰਗੀਤ ਦੇ ਪ੍ਰਥਮ ਕੀਰਤਨੀਏ-ਭਾਈ ਮਰਦਾਨਾ ਜੀ, ਗੁਰਮਤਿ ਸੰਗੀਤ ਦੀ ਵਿੱਲਖਣਤਾ, ਗੁਰਮਤਿ ਸੰਗੀਤ ਦੀ ਕੀਰਤਨ-ਚੌਕੀ-ਪਰੰਪਰਾ, ਗੁਰਮਤਿ ਸੰਗੀਤ ਵਿੱਚ ਰਾਗ ਗਉੜੀ ਤੇ ਉਸ ਦੇ ਪ੍ਰਕਾਰ, ਗੁਰਮਤਿ ਸੰਗੀਤ ਵਿੱਚ ਪ੍ਰਯੁਕਤ ਵਿਭਿੰਨ ਸਾਜ਼ ਅਤੇ ਉਹਨਾਂ ਦਾ ਮਹੱਤਵ, ਵਿਸ਼ੇਸ਼ ਲੇਖ ਹਨ।

**ਮਿਲਣ ਦਾ ਪਤਾ:- ਅੰਮ੍ਰਿਤ ਕੀਰਤਨ ਟ੍ਰਸਟ, 422, ਸੈਕਟਰ 15-ਏ, ਚੰਡੀਗੜ੍ਹ**

# What is Not The Purpose of Naam Simran

Dr. (Bhai) Harbans Lal*

It is a common observation that many seekers take on meditation with a purely materialistic outlook on life. Some wish to start it as an exercise so that their heart may beat slower and it may function for many more years, that the digestive and eliminative organs function in a more comforting mode, or that their senility may be postponed. Others wish that there be a victory in a criminal or a tax evasion case, that the check books show ever increasing balance, that their business may produce much more profit, and that the business of their neighbors be doomed. Still others desire a spiritual or occult power in order to enjoy greater harmony in life, enjoy more and better earthly things, and to catch bigger and better fish in the nets. All of these seekers of meditation go on believing that fulfillment can be found in the materialistic world, money brings satisfaction, fame is the answer to their depression, or that fulfillment lies in good health. The purpose of this discussion is to stress that one can never really benefit from meditation so long as one continues to seek it for the purpose of demonstrating its worldly potency, that is, to gain occult or physical powers, or to achieve materialistic gains. Any exercise of meditation to possess an automobile, more money, or a better position at work or in society will only strengthen the grip of illusions and as such will be poisonous to any spiritual life

ਨਾਮ ਧਨ ਬਿਨੁ ਹੋਰ ਸਭ ਬਿਖੁ ਜਾਣੁ ॥ (ਪੰਨਾ-664)

*Without the wealth of (lord's) Name, consider all other riches as poisons.*

The Guru tells us that only those will succeed on their spiritual journey whom do materialistic desires not touch

ਲੋਭ ਮੋਹ ਮਾਇਆ ਮਮਤਾ ਫੁਨਿ ਅਉ ਬਿਖਿਅਨ ਕੀ ਸੇਵਾ॥

ਹਰਖ ਸੋਗ ਪਰਸੈ ਜਿਹ ਨਾਹਿਨ ਸੋ ਮੂਰਤਿ ਹੈ ਦੇਵਾ ॥

(ਪੰਨਾ-220)

*The one who is not affected by greed, the love of illusions, the service of evil, and, affects of pain or pleasure, is the embodiment of God.*

Meditation is for the purpose of realizing God consciousness. Through meditation God's kingdom is revealed. God is realized as the apotheosis of all good. In achieving the experience of God, our problems of human life are also resolved but only as a tangible. However, we are distracted to a wrong path if we desire to gain any thing material that is

*6415, Amicable Drive, Arlington, TX 76016, USA. ✆: 817 654 0844, FAX: 817 735 2091

separate and apart from Divinity. Any attempt of meditation that has within itself any trace of desire to get something other than God's gift of meditation, or to acquire something other than love for meditation is no longer the meditation. Rather it is a means to further strengthen the grip of our animal instincts.

ਮੇਰੇ ਮਨ ਨਾਮ ਬਿਨਾ ਜੋ ਦੂਜੈ ਲਾਗੇ ਤੇ ਸਾਕਤ ਨਰ ਜਮਿ ਘੁਟੀਐ ॥
(ਪੰਨਾ- 170)

*O my mind, those who forsake naam and take to the duality, fall into the grip of the angel of death.*

ਜਪਿ ਰਾਮ ਨਾਮੁ ਨਾਨਕ ਨਿਸਤਰੀਐ ਹੋਰੁ ਦੁਤੀਆ ਬਿਰਥੀ ਸਾਖੀ॥
(ਪੰਨਾ-1227)

*Only by contemplating on the Lord's Name one is emancipated and the rest is but a vain prattle.*

If resolution of materialistic agenda is not the purpose of meditation, should we postpone the spiritual journey until those agendas are completed. Desire for meditation can not be postponed until our materialistic problems are resolved. Often we say: "If only this pain could be stopped, then I really could begin the practice of meditation. I can't do it while I am in such a pain." "If I can afford a retirement sooner, I could devote more time to meditation." In other words, people infer that the drive for meditation is hindered by some physical, social or financial condition. Evidence is to the country. For example, those who do not undertake meditation in youth often do not do so when they are old.

ਫਰੀਦਾ ਕਾਲੀ ਜਿਨੀ ਨ ਰਾਵਿਆ ਧਉਲੀ ਰਾਵੈ ਕੋਇ ॥
ਕਰਿ ਸਾਂਈ ਸਿਉ ਪਿਰਹੜੀ ਰੰਗੁ ਨਵੇਲਾ ਹੋਇ ॥ (ਪੰਨਾ-1378)

*One who enjoys not his union with God in youth, rarely does one so in old age. So, get in relationship with your God right now, and turn a new leaf in your life!*

There are people with millions of dollars who have not discovered divine consciousness; there are people in perfect health, or enjoying highest glory of public reclaim who have neither known spirituality, nor have they found peace or fulfillment. Therefore, the Guru poses this question to answer our riddle.

ਕਿਨ ਬਿਧਿ ਕੁਸਲੁ ਹੋਤ ਮੇਰੇ ਭਾਈ ॥ ਕਿਉ ਪਾਈਐ ਹਰਿ ਰਾਮ ਸਹਾਈ ॥ ੧ ॥ ਰਹਾਉ ॥ ਕੁਸਲੁ ਨ ਗ੍ਰਿਹਿ ਮੇਰੀ ਸਭ ਮਾਇਆ ॥ ਊਚੇ ਮੰਦਰ ਸੁੰਦਰ ਛਾਇਆ॥ ਝੂਠੇ ਲਾਲਚਿ ਜਨਮੁ ਗਵਾਇਆ ॥ ੧ ॥ ਹਸਤੀ ਘੋੜੇ ਦੇਖਿ ਵਿਗਾਸਾ ॥ ਲਸਕਰ ਜੋੜੇ ਨੇਬ ਖਵਾਸਾ ॥ ਗਲਿ ਜੇਵੜੀ ਹਉਮੈ ਕੇ ਫਾਸਾ ॥ ੨ ॥ ਰਾਜੁ ਕਮਾਵੈ ਦਹ ਦਿਸ ਸਾਰੀ ॥ ਮਾਣੈ ਰੰਗ ਭੋਗ ਬਹੁ ਨਾਰੀ ॥ ਜਿਉ ਨਰਪਤ ਸੁਪਨੈ ਭੇਖਾਰੀ ॥ ੩ ॥ ਏਕੁ ਕੁਸਲੁ ਮੋ ਕਉ ਸਤਿਗੁਰੂ ਬਤਾਇਆ ॥ ਹਰਿ ਜੋ ਕਿਛੁ ਕਰੇ ਸੁ ਹਰਿ ਕਿਆ ਭਗਤਾ ਭਾਇਆ ॥ ਜਨ ਨਾਨਕ ਹਉਮੈ ਮਾਰਿ ਸਮਾਇਆ ॥ ੪ ॥ ਇਨ ਬਿਧਿ ਕੁਸਲ ਹੋਤ ਮੇਰੇ ਭਾਈ ॥ ਇਉ ਪਾਈਐ ਹਰਿ ਰਾਮ ਸਹਾਈ ॥ (ਪੰਨਾ-175)

*How shall I be in joy, O my sibling? How shall I find the Lord, the mainspring of my life? Due to the love of Maya, my mind is not at peace, and my high mansions are just a beautiful shadow. In vain have I wasted my life in greed. I am exulted at the sight of the horses, the elephants, the gathering of the armies and the royal assistants. (But) they are like a noose of vanity around my neck. One may have sway over the entire world, may revel in all kinds of joy, and enjoy many sensuous women. In actuality, this person is like a king turned beggar in a dream. The True Guru showed me the way to bliss. What-*

*ever the Lord does must be pleasing to God's devotees. Stilling one's ego, one merges in the Real. Thus is the Bliss attained, O my sibling. Thus is experienced the Divine, the supporter of all.*

Whatever is achieved without the touch of God will not be right for us and it is the life experience of meditation of God's Name that makes one realize.

ਨਾਨਕ ਆਣੇ ਆਵੈ ਰਾਸਿ ॥ ਵਿਣੁ ਨਾਵੈ ਨਾਹੀ ਸਾਬਾਸਿ ॥
(ਪੰਨਾ- 25)

*O Nanak, as God wills, God makes things right.* Without the Name, no one will receive approval. We must be aware that when most of us start on the spiritual path, our state of consciousness is materialistic. Only on the path of Gurmat, the Guru's way to God, we are trained to reverse the picture. Then we begin to inculcate the meditation in our heart instead; and inthe process of meditation, we see the desire for material goods, or relief from the worldly pains to disappear; lust, greed, and urge to worldly fulfillment vanish. In the composition of Sukhmani, Guru Arjan spoke the following for those who do not know how to stop nurturing their worldly desires.

ਚਾਰਿ ਪਦਾਰਥ ਜੇ ਕੋ ਮਾਗੈ॥ ਸਾਧ ਜਨਾ ਕੀ ਸੇਵਾ ਲਾਗੈ॥ ਜੇ ਕੋ ਆਪੁਨਾ ਦੂਖੁ ਮਿਟਾਵੈ ॥ ਹਰਿ ਹਰਿ ਨਾਮੁ ਰਿਦੈ ਸਦ ਗਾਵੈ॥ ਜੇ ਕੋ ਆਪੁਨੀ ਸੋਭਾ ਲੋਰੈ॥ ਸਾਧਸੰਗਿ ਇਹ ਹਉਮੈ ਛੋਰੈ ॥ ਜੇ ਕੋ ਜਨਮ ਮਰਣ ਤੇ ਡਰੈ ॥ ਸਾਧ ਜਨਾ ਕੀ ਸਰਨੀ ਪਰੈ ॥ ਜਿਸੁ ਜਨ ਕਉ ਪ੍ਰਭ ਦਰਸ ਪਿਆਸਾ ॥ ਨਾਨਕ ਤਾ ਕੈ ਬਲਿ ਬਲਿ ਜਾਸਾ॥ (ਪੰਨਾ-266)

*One, who desires for all four cardinal possessions, should commit oneself to the service of the Saints. If you long to erase your sorrows, you must ever sing the praises of the Lord in your heart. If you seek praises for yourself, learn to forsake ego by joining the society of the holy. If you dread the pangs of birth and death, take refuge of the Saints. One who only seeks the vision of the Lord, Nanak is sacrifice unto that person.*

It is true that when we seek, we receive materialistic benefits from the meditation. Reduction of stress, satisfying relationship with others, healthy body, abundant supply of materials, success in business, and creativity in worldly endeavors, are some of the tangible benefits of achieving the Divine consciousness through meditation. Guru Arjan Dev described the tangibles that were given to him when he practised meditation on god's Name.

ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ ॥

ਕਲਿ ਕਲੇਸ ਤਨ ਮਾਹਿ ਮਿਟਾਵਉ ॥ (ਪੰਨਾ-262)

*I meditate continuously in remembrance of the Lord, and attain harmony; anguish and ailments are dispelled from my body.*

However, we must realize that the inner fulfillment must come first before the comforts of this world may be added. When they are achieved, it is without asking, and more importantly, after satiating any hunger for those. We do not ask for or desire for them. Rather, we learn that asking for any thing other than the gift of God's Naam, is asking for a Pandora box of troubles.

ਵਿਣੁ ਤੁਧੁ ਹੋਰੁ ਜਿ ਮੰਗਣਾ ਸਿਰਿ ਦੁਖਾ ਕੈ ਦੁਖ ॥

ਦੇਹਿ ਨਾਮੁ ਸੰਤੋਖੀਆ ਉਤਰੈ ਮਨ ਕੀ ਭੁਖ ॥ (ਪੰਨਾ-958)

*To ask for any thing or any body other than you, Oh Lord is inviting the most miserable of miseries. Kindly bless me with your Naam, which is the fulfillment, and make me content that way so that may the hunger of my mind be satiated.*

As long as we are merely trying to exchange physical discord for physical harmony, we do not have any concept of what the spiritual riches are, or what the spiritual health is. Therefore, we must begin our meditation with the recognition that neither physical health nor material wealth is the object of our search for Divine. Any desire for things or persons will prevent, or delay our entrance into the spiritual kingdom. Only the steadfast focus on the goal of seeking solely the God-realization will open the way to reaching the higher consciousness. In that consciousness, we will find all things other than experience in divinity to be tasteless, or to be more accurate, we will find all desires within us satiated. When we will no longer search for the satisfaction that the outside world can give, but seek only eternal peace, we will open the gates to the spiritual life.

ਕਹੁ ਨਾਨਕ ਸੋਈ ਨੁਰ ਸੁਖੀਆ ਰਾਮ ਨਾਮ ਗੁਨ ਗਾਵੈ ॥
ਅਉਰ ਸਗਲ ਜਗੁ ਮਾਇਆ ਮੋਹਿਆ ਨਿਰਭੈ ਪਦੁ ਨਹੀ ਪਾਵੈ॥
(ਪੰਨਾ-220)

*Says Nanak: "One who sings the Lord's Praise will alone be in harmony. The rest of the world is lured away by illusions and attains not to the state of divine consciousness."* As a seeker, as we Sikhs are of spiritual wisdom, an important question is what is the motivation for persuasion of our true spirituality? Is there an urge for God-realization, an urge that can be trodden here on earth? Can it be achieved here on earth? Is there any short cut? the answer to all these questions is a yes. Not only there is a way of accomplishing these objectives, but there are short cuts too. One short cut, so simple and yet so very difficult, is to perform a bit of mental surgery on ourselves and reshape our materialistic appetite. Let us take a sharp scalpel and cut out cravings for person, place, thing, circumstance, or condition. Every craving must be cut away in order that only one remains. It is to reach divine consciousness and to fall in love with it alone. We will reach the life eternal without cutting off any worldly activity.

ਗਈ ਬਹੋੜੁ ਬੰਦੀ ਛੋੜੁ ਨਿਰੰਕਾਰੁ ਦੁਖਦਾਰੀ ॥ ਕਰਮੁ ਨ ਜਾਣਾ ਧਰਮੁ ਨ ਜਾਣਾ ਲੋਭੀ ਮਾਇਆਧਾਰੀ ॥ ਨਾਮੁ ਪਰਿਓ ਭਗਤੁ ਗੋਵਿੰਦ ਕਾ ਇਹ ਰਾਖਹੁ ਪੈਜ ਤੁਮਾਰੀ ॥ (ਪੰਨਾ-624)

*O' the Restorer of what was taken away, the Liberator from captivity, the Formless Lord, the Destroyer of pain, I do not know about karma and good deeds, I do not know about dharma and righteous living. I am so greedy, chasing illusions. As I choose to go by the name of God's devotee; please, save this honor of yours.*

Awakening of Divine within is the main purpose of meditation. To experience Divinity itself is the only good that we must seek from our meditaion.

# THE JOYOUS SOUND OF KEERTAN : An American Experience

I. J. Singh

This essay stems from what was for me a unique experience - a keertan competition of young people. I will report briefly on that meet while sharing some ideas and opinions on music and keertan.

The first weekend of September signals for Americans the end of Summer. Schools and colleges reopen, the leisurely tempo and vacationing of the summer is over, the pace of life and work picks up a notch to its usual hectic level. Most Americans note this by the season's last cookouts, camping trips and outings on the beach. Congested highways seem like mobile parking lots. Tired, angry drivers, road accidents and highway fatalities mark the weekend every year.

The Sikhs of the United States and Canada - Particularly in the Eastern half - celebrate this Labour Day weekend with the difference, not with drunken brawls and parties that are out of control. The Gurdwara of Monroe, Pennsylvania, a tiny suburb of Pittsburgh, is relatively new, the sangat fairly small, but they host a singular program.

For the twelfth year in a row, on September 1-1997, over 200 young Sikhs from 6 to 22 years of age, along with many more of their friends and relatives descended on the Gurdwara. They don't always come from the same towns every year and their numbers vary from year to year. But they drive long distances, often overnight. Over the years, they have come from as far as Calgary, Guelph, Hamilton, London, Kitchener and Toronto in Canada. They have, at times. represented most of the States, including Florida, Illinois, Maryland, New Jersey, New York, North Carolina, Pennsyllvania, Virginia, Washington D.C., and many more.

They came to compete, not as individuals but as keertan jathas sponsored by Gurdwaras in their home towns. the size of the jathas was sometimes as small as two -a singer and a tabla player. At other times as many as 10 young people crowded the small stage. Some Gurdwaras sponsored more than one team.

In the United States. the first keertan competition for young Sikhs was held on October 18, 1986 at this Pittsburgh Gurdwara. There were 25 groups representing various Gurdwaras on the Eastern seaboard. They sang shabads to simple. catchy tunes.

Twelve years later in 1997, there were 33 jathas of Juniors aged 6 to 12

years, 14 groups of senior participants 12 to 18 years of age, and six keertan jathas of young men and women of college age. (College in the U.S. Starts at age 18). Since the program's inception in 1986, with the exception of one keertan samagam held in the Gurdwara of Sikh Foundation of Virginia, all were hosted by the small sangat of Pittsburgh.

This year, first each competing group explained the theme and meaning of the shabad they were about to sing. Next, each jatha, irrespective of age, sang the shabad in the raga in which the shabad was written in the Guru Granth. Some performed in ragas rarely sung by even the professionals in modern India - like Ramkali, Tukhari, etc. They displayed their skills with parhtaals. Need I add that such proficiency is not found in many of the so-called professional ragis in India? Clearly, weeks or months of dedicated preparation had preceded each performance.

Where do these people learn such complex ragas and taals? Usually from their local raagis or music teachers. Outside Punjab-and-India- that is not so easy. It usually means hunting down the local teacher and travelling considerable distance for the lesson. But a singal dominating presence has emerged in the past few years. A Sikh from Kitchener, Ontario (Canada), affectionately known as "Professor" Purshotam Singh teaches keertan on the weekends. As many as a hundred young people travel as much as a couple of hundred miles every weekend to learn. This year over half the participants bore the stamp of his sewa, dedication and genius.

From among Purshotam Singh's pupils, a young Sikh boy, not quite in his teens, left an indelible impression on me. His fingers danced on the tabla, his whole body exuded pleasure. This is the way the masters of the tabla - Alla Rakha, Zakir Hussain and the like - must have been when they were young. His mastery over the tabla was complete, his enjoyment infectious. He held his audience spellbound, seemingly effortlessly. A jatha from Canada consisting of two young brothers, six and eight years old, along with third boy perhaps ten or so performed in raga, correctly, with pleasure, with much abandon and maturity. They charmed the audience; next year they hope to add a younger brother to the jatha who is now less than two!

Five musically astute judges tried to do the impossible by separating winners from the others who seemed equally good. Criteria included appropriate explanation of the meaning of the shabad, correct use of raga, exploration and development of the complexities of the shabad in raga, taal, tablas accompaniment, etc. Each participant is awarded a trophy, the winning jatha in each category receives a running trophy. Win the running trophy three years in a row and you can keep it.

A program of such complexity cannot be sustained without single - minded

workers. There are many, but I mention a few : Dr. Amarjit Singh and his wife Dr. Amarjit kaur; Dr. Tejinder Singh Bal and Sardar Jasbir Singh ; and Sardar Hardip Singh. They initiated the program in 1986 and have nurtured it ever since.

Whatever touches or affects us deeply often emerges out of our consciousness as music. Music may give voice to the loneliness of one's soul in seclusion, or mold a mob of individuals into a congregation with one soul. Most religions recognize these basic truths- as do governments and their armies.

Any verbal art is relfective and so is poetry. It stops to think, it engages the mind even when it touches the heart. Music skirts all that. It has an immediacy, an urgency all its own. It transports and transforms the listener.

Music has its roots in mathematics, the queen of the intellectual pursuits yet, on its way to deepest recesses of the human soul, it uncovers a direct route, a shortcut which by passes reason, transcends the intellect and touches the very core of a person which the rational the mind may not ever be able to fathom. Music speaks of things and feelings without attaching them to events or objects in the world. Immersing in music is like a bath for soul. Music can take us out of the actual and start us on a wondering, path as to who we are, and for what, whence and whereto.

Most of us try to-at least-respect and appreciate classical music, if not to love it often for no other reason than the fact that polite society expects it of us.

Most religions recognize these basic truths and accord a special place to music. Islam is perhaps one major and noteworthy exception that gives no particular standing to music in its worship. (Some Islamic sects recognize the magic of music; Sufi poetry and paeans to God remain the most moving experiences.) Judaism honors its cantors, and institutional Christianity has been a most vital force in the development of much of Western music rooted in the American Black experience stems from Church and Gospel music. Hinduism fostered the use of classical music in its temples; some offshoots even found use for classical dance and vestal virgins or devadasis.

The Sikh experience with music is some-what unique. Our scripture - The Guru Granth - except for a very small part-is written entirely in verse and set to 31 ragas and rhythms of classical Indian music. For 500 years Sikhs have heard classical ragas, learnt them, and sung them. This has done one thing - a goal that most music appreciations courses and programs strive for but rarely accomplish. It has taught them to love music instead of merely respecting it. Sikhs, therefore, may not always understand music but their religious traditions and practices have taught them to adore it, almost to revere it. The fondness for keertan is in

their bones.

However, even in India, many of the ragas of gurbani are no longer widely used out side the Sikh tradition. Consequently, there are few experts adept in them, except some traditionally trained raagis who perform in Gurdwaras. These skills should not be lost.

Guru Nanak, who called himself a poet and bard, was the first raagi of the Sikh tradition; his companion, Mardana who performed keertan with him was the second. Quite obviously the Sikh Gurus were accomplished musicians. Guru arjun even designed and invented a musical instrument the suranda. Parenthetically, I cannot help noticing that although no Sikh service is ever conducted wothout singing of the liturgy - keertan - the suranda is hardly ever seen. Most raagis, now a days, use one or two harmoniums, a modification of the French import, and a tabla which was brought to India by the Mughals.

In a language that his listeners from the countryside of Punjab could understand, Guru Arjun taught that " reading the scriptures was like watering your crops from a well. Keertan, on the other hand, was like rain form heaven which could irrigate many fields thoroughly and widely."

Listen to most visting keertan jathas from India, and you quickly realize how limited is their repertoire. Few understand or can perform some of the ragas that are now less popular in the Indian tradition, even though they are found in the Guru Granth. Raagi jathas often pander to the ebbing interest of their audience in complex ragas and reflect their own lack of training in them. It would seem that with dwindling interest, there must be a further erosion in keertan as it was meant to be and an increasing reliance on catchy tunes.

Keertan and katha in our Gurdwaras often appear to have been "dumbed down." What I am saying is both Bach and Beatles have a place in real life-but they are not interchangeable.

Gurbani and Sikh history teach us not to become overly dependent on a cadre of professionals for katha and keertan. Perhaps the young people from this Continent have something to teach their counterparts in Punjab and in India. Listening to their keertan I sensed that these young people are the future of Sikhism, and it is quite secure.


ਗੁਰਸਿੱਖ ਰਿਸ਼ਤਿਆਂ ਲਈ ਸੰਪਰਕ ਕਰੋ

**'ਗੁਰਸਿੱਖ ਸੰਜੋਗ'**

(ਪੰਦਰਾ-ਰੋਜ਼ਾ ਪੱਤਰ)

ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ, ਪੂਸਾ ਰੋਡ,
ਨਵੀਂ ਦਿੱਲੀ-110 060 ਫੋਨ : 5735955

# ਭਾਈ ਸਾਹਿਬ ਭਾਈ ਹੀਰਾ ਸਿੰਘ ਜੀ ਫਰੂਕੇ ਵਾਲਿਆਂ ਦਾ 119 ਵਾਂ ਜਨਮ ਦਿਵਸ

ਮੇਜਰ ਆਗਿਆਪਾਲ ਸਿੰਘ (ਰਿ.)

ਗੁਰੂ ਘਰ ਦੇ ਅਦੁਤੀ ਕੀਰਤਨੀਏ ਅਤੇ ਪੰਥ ਦੇ ਅਨਮੋਲ ਹੀਰੇ ਭਾਈ ਹੀਰਾ ਸਿੰਘ ਜੀ (1879-1926) ਦੀ ਯਾਦ ਵਿਚ ਭਾਈ ਹੀਰਾ ਸਿੰਘ ਮੈਮੋਰੀਅਲ ਟਰਸੱਟ ਵਲੋਂ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਸੈਕਟਰ ੩੪ ਚੰਡੀਗੜ੍ਹ ਵਿਖੇ ਮਿਤੀ 22 ਨਵੰਬਰ 1997 ਸ਼ਾਮ ਨੂੰ ਵਿਸ਼ੇਸ਼ ਸਮਾਗਮ ਅਤੇ ਸਨਮਾਨ ਸਮਾਰੋਹ ਆਯੋਜਤ ਕੀਤਾ ਗਿਆ।

ਸਿੰਘ ਸਾਹਿਬ ਗਿਆਨੀ ਕੇਵਲ ਸਿੰਘ ਜੀ ਜਥੇਦਾਰ ਤਖਤ ਸ੍ਰੀ ਦਮਦਮਾ ਸਾਹਿਬ, ਡਾ: ਖੜਕ ਸਿੰਘ ਜੀ ਐਡੀਟਰ ਐਬਸਟਰੈਕਟ ਆਫ ਸਿੱਖ ਸਟੱਡੀਜ਼ ਤੇ ਸੰਸਥਾਪਕ, ਇਨਸਟੀਚੀਊਟ ਆਫ ਸਿੱਖ ਸਟੱਡੀਜ਼, ਚੰਡੀਗੜ੍ਹ; ਸ: ਹਰਭਜਨ ਸਿੰਘ ਸਾਬਕਾ ਪ੍ਰਧਾਨ ਨਿਸ਼ਕਾਮ ਸਿੱਖ ਵੈਲਫੇਅਰ ਕੌਂਸਲ ਦਿੱਲੀ, ਪ੍ਰਿੰ: ਸ਼ਹੀਦ ਸਿੱਖ ਮਿਸ਼ਨਰੀ ਕਾਲਿਜ ਅੰਮ੍ਰਿਤਸਰ ਤੇ ਕਈ ਹੋਰ ਵਿਦਵਾਨ ਤੇ ਸ਼ਹਿਰ ਦੇ ਪਤਵੰਤੇ ਸਜਣ ਸੰਗਤ ਰੂਪ ਵਿਚ ਸ਼ਸੋਭਤ ਸਨ। ਚੰਡੀਗੜ੍ਹ ਤੋਂ ਭਾਰੀ ਸੰਗਤ ਨੇ ਤੇ ਭਾਈ ਸਾਹਿਬ ਦੇ ਪ੍ਰਵਾਰ ਦੇ ਮੈਂਬਰਾਂ ਨੇ ਸਮਾਗਮ ਵਿਚ ਹਾਜ਼ਰੀ ਭਰੀ।

ਭਾਈ ਅਮਰੀਕ ਸਿੰਘ ਜ਼ਖਮੀ, ਪ੍ਰਿੰ: ਨਰਿੰਦਰ ਸਿੰਘ ਤੇ ਵਿਦਿਆਰਥੀ ਗੁਰਬਾਣੀ ਮਿਊਜ਼ਿਕ ਅਕੈਡਮੀ ਕਲਕਤਾ (ਸਮਰਪਤ ਭਾਈ ਹੀਰਾ ਸਿੰਘ ਜੀ) ਅਤੇ ਡਾ: ਜਾਗੀਰ ਸਿੰਘ ਚੰਡੀਗੜ੍ਹ ਵਾਲਿਆਂ ਨੇ ਗੁਰਬਾਣੀ ਦੇ ਮਨੋਹਰ ਕੀਰਤਨ ਰਾਹੀ ਸੰਗਤਾਂ ਨੂੰ ਨਿਹਾਲ ਕੀਤਾ। ਗਿਆਨੀ ਸਾਹਿਬ ਸਿੰਘ ਸ਼ਾਹਬਾਦ ਮਾਰਕੰਡਾ, ਪ੍ਰਿ: ਰਾਮ ਸਿੰਘ ਚੀਫ ਆਰਗੇਨਾਈਜ਼ਰ, ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਲੁਧਿਆਣਾ, ਪ੍ਰਿ: ਹਰਭਜਨ ਸਿੰਘ ਮੁਖੀ ਸਿੱਖ ਮਿਸ਼ਨਰੀ ਕਾਲਿਜ ਲੁਧਿਆਣਾ ਅਤੇ ਭਾਈ ਜਗਜੀਤ ਸਿੰਘ ਸਿਦਕੀ, ਪ੍ਰਿੰਸੀਪਲ ਗੁਰਮਤਿ ਗਿਆਨ ਮਿਸ਼ਨਰੀ ਕਾਲਿਜ ਲੁਧਿਆਣਾ ਨੇ ਗੁਰਮਤਿ ਵਿਚਾਰਾਂ ਪੇਸ਼ ਕੀਤੀਆਂ ਤੇ ਭਾਈ ਹੀਰਾ ਸਿੰਘ ਜੀ ਦੇ ਜੀਵਨ ਤੇ ਪੰਥ ਪ੍ਰਤੀ ਕੀਤੀਆਂ ਸੇਵਾਵਾਂ ਦਾ ਜ਼ਿਕਰ ਕੀਤਾ। ਕਲਕਤੇ ਤੋਂ ਆਈ ਅਕੈਡਮੀ ਦੀ ਇਕ ਬੱਚੀ ਮਨਮੀਤ ਕੌਰ ਨੇ ਭਾਈ ਸਾਹਿਬ ਤੇ ਇਕ ਰੋਚਕ ਕਵਿਤਾ ਸਰਵਣ ਕਰਾਈ ਤੇ ਗੁਲਸ਼ਨ ਕੌਰ ਨੇ ਉਨ੍ਹਾਂ ਦੇ ਜੀਵਨ ਤੇ ਪ੍ਰਭਾਵਸ਼ਾਲੀ ਲੈਕਚਰ ਕੀਤਾ।

ਗਿਆਨੀ ਸਾਹਿਬ ਸਿੰਘ ਜੀ ਨੇ ਕੀਰਤਨ ਤੇ ਕੀਰਤਨੀਆਂ ਦੇ ਸਬੰਧ ਵਿਚ ਆਪਣੇ ਵਿਚਾਰ ਪੇਸ਼ ਕੀਤੇ। ਗੁਰਬਾਣੀ ਦੀ ਪੰਗਤੀ "ਕਰਮ ਧਰਮ ਪਾਖੰਡ ਜੋ ਦੀਸਹ, ਤਿਨ ਜਮੁ ਜਾਗਾਤੀ ਲੂਟੈ, ਨਿਰਬਾਣ ਕੀਰਤਨ ਗਾਵਹੁ ਕਰਤੇ ਕਾ, ਨਿਮਖ ਸਿਮਰਤ ਜਿਤੁ ਛੂਟੈ" ਦੀ ਵਿਆਖਿਆ ਕਰਦੇ ਹੋਇਆਂ ਉਨ੍ਹਾਂ ਨੇ ਕਿਹਾ ਕਿ ਕੀਰਤਨੀਏ ਨਿਸ਼ਕਾਮ ਤੇ ਨਿਰਬਾਣ (ਵਾਸ਼ਨਾ ਰਹਿਤ) ਕੀਰਤਨ ਕਰਨ ਵਾਲੇ ਹੋਣ ਜਿਸ ਤਰਾਂ ਭਾਈ ਹੀਰਾ ਸਿੰਘ ਜੀ ਨੇ ਗੁਰੂ ਵਲੋਂ ਬਖਸ਼ੀ ਛੋਟੀ ਉਮਰ (47 ਸਾਲ) ਵਿਚ ਧੁਰ ਕੀ ਬਾਣੀ ਦਾ ਨਿਰਬਾਣ ਕੀਰਤਨ ਕਰਕੇ ਨਾ ਸਿਰਫ ਸਿੱਖਾਂ ਨੂੰ ਕੀਰਤਨ ਨਾਲ ਜੋੜਿਆ ਬਲਕਿ ਜਿਹੜੇ ਲੋਕ ਗੁਰਬਾਣੀ ਤੋਂ ਕੋਹਾਂ ਦੂਰ ਸਨ ਉਨ੍ਹਾਂ ਨੂੰ ਗੁਰਬਾਣੀ ਦੀ ਮਿਠੀ ਧੁਨ ਸੁਣਾ ਕੇ ਉਨ੍ਹਾਂ ਦੇ ਸੁੱਤੇ ਮਨਾਂ ਨੂੰ ਜਗਾਇਆ ਤੇ ਜਗਾ ਜਗਾ ਕੇ ਉਸ ਮਾਲਕ ਦੀ ਕੀਰਤੀ ਨੂੰ ਵੰਡਿਆਂ- ਅਗੇ ਉਨਾਂ ਕਿਹਾ ਕਿ ਭਾਈ ਹੀਰਾ ਸਿੰਘ ਕਹਿਣ ਨੂੰ ਕੀਰਤਨੀਆਂ ਸਨ ਪਰ ਕੀਤਰਨ ਨੂੰ ਉਨ੍ਹਾਂ ਨੇ ਕਿੱਤਾ ਨਹੀਂ ਸੀ ਬਣਾਇਆ। ਕੀਰਤਨ ਦੀ ਭੇਂਟ ਵਿਚ, ਸਤਿਕਾਰ ਵਿਚ ਦਿਤੀ ਹੋਈ ਮਾਇਆ ਨੂੰ ਸਿੱਖ ਜਗੱਤ ਦੀਆਂ ਲੋੜਾਂ ਲਈ ਅਰਪਨ ਕਰ ਦਿੰਦੇ ਸਨ। "ਨਵ ਨਿਧੀ ਅਠਾਰਾਂ ਸਿਧੀ ਪਿਛੇ ਲਗੀਆਂ ਫਿਰਨ ਜੋ ਹਰਿ ਹਿਰਦੈ ਸਦਾ ਵਸਾਏ " ਇਸ ਵਾਕ ਨੂੰ ਉਨਾਂ ਨੇ ਹਿਰਦੇ ਵਿਚ ਵਸਾ ਲਿਆ ਸੀ। ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਵਿਚ ਹੋਏ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਮਨਸਾ ਸਿੰਘ ਦਾ ਪ੍ਰਸੰਗ ਸੁਣਾਂਦੇ ਹੋਏ ਉਨ੍ਹਾਂ ਨੇ ਅਜ ਦੇ ਕੀਰਤਨੀਆਂ ਨੂੰ ਪੁਰਾਤਨ ਕੀਰਤਨੀਆਂ ਦੇ ਜੀਵਨ ਤੇ ਆਚਾਰ ਤੋਂ ਸਿੱਖਿਆ ਲੈਣ ਲਈ ਯਾਚਨਾ ਕੀਤੀ।

ਪ੍ਰਿ: ਹਰਭਜਨ ਸਿੰਘ ਜੀ, ਮੁਖੀ ਸਿੱਖ ਮਿਸ਼ਨਰੀ ਕਾਲਿਜ ਲੁਧਿਆਣਾ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਪ੍ਰੋਫੈਸਰ ਸਾਹਿਬ ਸਿੰਘ ਜੀ, ਗੁਰੂ ਗ੍ਰੰਥ ਸਾਹਿਬ ਦੇ ਅਰਥਾਂ ਪਰਮਾਰਥਾਂ ਦੇ ਗਿਆਨੀ ਤੇ ਪੰਜਾਬੀ ਦੇ ਉਤਮ ਲੇਖਕ ਦਾ ਜੀਵਨ ਪੜ੍ਹਦਿਆਂ ਪਤਾ ਲਗਦਾ ਹੈ ਕਿ ਉਹ ਜਦੋਂ ਪੜ੍ਹਦੇ ਹੁੰਦੇ ਸਨ ਤਾਂ ਬੜੀ ਦੂਰੋਂ ਆਪਣੇ ਸਾਥੀਆਂ ਸਮੇਤ ਭਾਈ ਹੀਰਾ ਸਿੰਘ ਜੀ ਦਾ ਕੀਰਤਨ ਤੇ ਵਿਆਖਿਆ ਸੁਣਨ ਲਈ ਸਾਂਗਲੇ ਦੇ ਇਲਾਕੇ ਵਿਚ ਲਗਾਏ ਦੀਵਾਨਾਂ ਵਿਚ ਪੁਜਦੇ ਸਨ। ਉਨ੍ਹਾਂ ਨੂੰ ਉਦੋਂ ਗੁਰਬਾਣੀ ਦਾ ਅਧਿਐਨ ਕਰਨ ਦੀ ਲਗਨ ਲਗੀ। ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪੂਰਨ ਟੀਕਾ 'ਗੁਰੂ ਗ੍ਰੰਥ ਸਾਹਿਬ ਦਰਪਨ' ਜੋ ਦਸ ਜਿਲਦਾਂ ਵਿਚ ਤਿਆਰ ਕਰਕੇ ਪ੍ਰੋਫੈਸਰ ਸਾਹਿਬ ਨੇ ਸਾਡੀ ਝੋਲੀ ਵਿਚ ਪਾਇਆ ਹੈ, ਇਸ ਦੇ ਤਿਆਰ ਕਰਨ ਦੀ ਪ੍ਰੇਰਨਾ ਉਨ੍ਹਾਂ ਨੂੰ ਭਾਈ ਹੀਰਾ ਸਿੰਘ ਪਾਸੋਂ ਮਿਲੀ। ਸਿੱਖ ਧਰਮ ਨੂੰ ਭਾਈ ਹੀਰਾ ਸਿੰਘ ਦੀ ਇਹ ਮਹਾਨ ਦੇਣ ਹੈ।

ਪਰਚਾਰਕਾਂ ਬਾਰੇ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਗੁਰੂ ਨਾਨਕ ਸਾਹਿਬ ਨੇ ਪ੍ਰੇਮ ਤੇ ਗਿਆਨ ਨਾਲ ਸਾਰੇ ਜਗਤ ਨੂੰ ਜਿੱਤਿਆ। ਜਿਥੇ ਵੀ ਉਹ ਗਏ ਸਿੱਧਾਂ ਨਾਥਾਂ, ਹਿੰਦੂਆਂ ਤੇ ਮੁਸਲਮਾਨਾਂ ਦੇ ਡੇਰਿਆਂ, ਗੜ੍ਹਾਂ ਜਾਂ ਧਰਮ ਅਸਥਾਨਾਂ ਤੇ ਉਥੇ ਜਾ ਕੇ ਉਨ੍ਹਾਂ ਨੇ ਪ੍ਰੇਮ ਗਿਆਨ ਤੇ ਸੂਝ ਨਾਲ ਸਤਿਨਾਮ ਦਾ ਚਕਰ ਚਲਾਇਆ। ਗਿਆਨ ਤੇ ਪ੍ਰੇਮ ਦੇ ਦੋ ਹਥਿਆਰਾਂ ਨਾਲ ਪਰਚਾਰਕ ਸਾਰੇ ਜਗਤ ਨੂੰ ਆਪਣਾ ਬਣਾ ਸਕਦਾ ਹੈ ਤੇ ਆਪਣੇ ਮੱਤ ਦਾ ਪਰਚਾਰ ਕਰ ਸਕਦਾ ਹੈ। ਭਾਈ ਹੀਰਾ ਸਿੰਘ ਜੀ ਵਿਚ ਇਹ ਦੋਵੇਂ ਗੁਣ ਗੁਰੂ ਨਾਨਕ ਸਾਹਿਬ ਵਲੋਂ ਵਰੋਸਾਈ ਦਾਤ ਵਿਚ ਮਿਲੇ ਹੋਏ ਸਨ। ਗੁਰੂ ਬਾਬੇ ਦੇ ਜੀਵਨ ਤੋਂ ਅਗਵਾਈ ਲੈ ਕੇ ਭਾਈ ਹੀਰਾ ਸਿੰਘ ਜੀ ਆਪ ਵਾਜਾ ਚੁਕ ਕੇ ਉਨ੍ਹਾਂ

ਥਾਂਵਾਂ ਤੇ ਪੁਜਦੇ ਸਨ ਜਿੱਥੇ ਹੋਰ ਕੋਈ ਜਾਣ ਨੂੰ ਤਿਆਰ ਨਹੀਂ ਸੀ ਹੁੰਦਾ। ਉਹ ਉਥੇ ਜਾ ਕੇ ਗੁਰੂ ਬਾਬੇ ਦੀ ਗੱਲ ਸੁਣਾਂਦੇ ਤੇ ਨਾਮ ਦੀ ਸੁਗੰਧੀ ਫੈਲਾਂਦੇ। ਉਨ੍ਹਾਂ ਦੀ ਬੋਲੀ ਵਿਚ ਪ੍ਰੇਮ ਮਿਠਾਸ ਤੇ ਤੱਤ ਗਿਆਨ ਡੁੱਲ੍ਹ ਡੁੱਲ੍ਹ ਪੈਂਦੇ ਸਨ। ਉਨ੍ਹਾਂ ਦੀ ਗੱਲ ਮੰਨਣ ਨੂੰ ਤੇ ਸਿੱਖੀ ਦੀ ਰਮਜ਼ ਪਛਾਣਨ ਲਈ ਸਰੋਤੇ ਤਿਆਰ ਹੋ ਜਾਂਦੇ ਸਨ। ਕਿਤਨੀਆਂ ਹੀ ਐਸੀਆਂ ਮਿਸਾਲਾਂ ਹਨ ਕਿ ਭਾਈ ਹੀਰਾ ਸਿੰਘ ਦਾ ਕੀਰਤਨ ਤੇ ਵਿਆਖਿਆ ਸੁਣ ਕੇ ਸਹਿਜਧਾਰੀ ਵੀਰ ਸਿੱਖੀ ਧਾਰਨ ਕਰ ਲੈਂਦੇ ਅਤੇ ਅੰਮ੍ਰਿਤ ਪਾਨ ਕਰ ਲੈਂਦੇ ਸਨ। ਨਨਕਾਣਾ ਸਾਹਿਬ ਦੇ ਸਾਕੇ ਦਾ ਜ਼ਿਕਰ ਕਰਦਿਆਂ ਪ੍ਰਿੰ: ਸਾਹਿਬ ਨੇ ਦੱਸਿਆ ਕਿ ਉਦੋਂ ਵੀ ਭਾਈ ਹੀਰਾ ਸਿੰਘ ਜੀ ਮੋਹਰੀਆਂ ਵਿਚੋਂ ਸਨ। ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਜਿਸ ਵਿਚ ਗੋਲੀਆਂ ਲਗੀਆਂ ਸਨ ਤੇ ਛੇਦ ਪਏ ਸਨ ਵਿੱਚੋ ਸਤ ਗੋਲੀਆਂ ਕਢੀਆਂ ਤੇ ਸੰਗਤਾਂ ਨੂੰ ਦਰਸ਼ਨ ਕਰਾਂਦੇ ਹੋਏ ਆਪਣੇ ਜਜ਼ਬਾਤ ਪੇਸ਼ ਕੀਤੇ। ਸ਼ਹੀਦਾਂ ਦਾ ਸਸਕਾਰ ਲੱਖਾਂ ਦੀ ਹਾਜ਼ਰੀ ਵਿਚ ਉਨ੍ਹਾਂ ਦੀ ਅਗਵਾਈ ਹੇਠ ਹੋਇਆ। ਗੁਰਦੁਆਰਾ ਸੁਧਾਰ ਲਹਿਰ ਵਿਚ ਆਪਣਾ ਯੋਗਦਾਨ ਪਾਇਆ।

ਅੰਤ ਵਿਚ ਪ੍ਰਿੰ: ਸਾਹਿਬ ਨੇ ਕਿਹਾ ਕਿ ਅਜ ਅਸੀਂ ਚਿੰਤਾਤੁਰ ਹਾਂ ਕਿ ਸਿੱਖੀ ਨੂੰ ਘਾਟ ਆ ਰਹੀ ਹੈ, ਕਿਤੇ ਨਸ਼ਿਆਂ ਦੀ ਮਾਰ ਹੈ ਤੇ ਕਿਤੇ ਗੁਰੂ ਡਮ ਚਲ ਰਿਹਾ ਹੈ, ਨੌਜੁਆਨ ਸਿੱਖੀ ਸਰੂਪ ਤੇ ਸਿੱਖੀ ਜੀਵਨ ਤੋਂ ਦੂਰ ਹੋ ਰਹੇ ਹਨ। ਅਜ ਪਰਚਾਰਕਾਂ ਨੂੰ ਖਾਸ ਤੌਰ ਤੇ ਅਤੇ ਹਰ ਗੁਰੂਸਿੱਖ ਨੂੰ ਭਾਈ ਹੀਰਾ ਸਿੰਘ ਬਣਨ ਦੀ ਲੋੜ ਹੈ। ਸਾਨੂੰ ਉਨ੍ਹਾਂ ਵਾਲੇ ਗੁਣ ਗਰਿਹਣ ਕਰਨੇ ਚਾਹੀਦੇ ਹਨ। ਉਨ੍ਹਾਂ ਦੇ ਜੀਵਨ ਤੋਂ ਪਰੇਰਨਾ ਲੈ ਕੇ ਘਰ ਘਰ ਅੰਦਰ ਜਾ ਕੇ, ਪਿੰਡਾਂ ਵਿਚ, ਦੂਰ ਦੁਰਾਡੀਆਂ ਬਸਤੀਆਂ ਤੇ ਪਛੜੀਆਂ ਥਾਂਵਾ ਤੇ ਜਾ ਕੇ ਉਥੋਂ ਦੇ ਲੋਕਾ ਨੂੰ ਗੁਰਬਾਣੀ ਨਾਲ ਜੋੜੀਏ ਤੇ ਗੁਰਬਾਣੀ ਦੀ ਸੂਝ ਦੇਈਏ। ਹਰ ਮਾਈ ਭਾਈ ਆਪਣੇ ਆਪ ਨੂੰ ਕੌਮ ਦੇ ਸਮਰਪਤ ਕਰੇ। ਗੁਰਮਤਿ ਨੂੰ ਆਪ ਸਮਝੇ ਤੇ ਆਪਣੀ ਜ਼ਿੰਦਗੀ ਵਿਚ ਅਪਨਾਵੇ ਤੇ ਫਿਰ ਹੋਰਨਾਂ ਨੂੰ ਜਿਹੜੇ ਅਗਿਆਨਤਾ ਦੇ ਹਨੇਰੇ ਵਿੱਚ ਪਏ ਹਨ ਉਨ੍ਹਾਂ ਨੂੰ ਰੋਸ਼ਨਾਵੇ ਅਤੇ ਖੇੜੇ ਵਿਚ ਲਿਆਵੇ ਜਿਸ ਤਰ੍ਹਾਂ ਭਾਈ ਹੀਰਾ ਸਿੰਘ ਨੇ ਥਾਂ ਥਾਂ ਜਾ ਕੇ ਲੋਕਾਂ ਨੂੰ ੧ਓਂ ਦੇ ਲੜ ਲਾਇਆ ਤੇ ਉਨ੍ਹਾਂ ਦਾ ਤਨਮਨ ਹਰਿਆ ਕੀਤਾ। ਇਹੀ ਉਨ੍ਹਾਂ ਦੀ ਸੱਚੀ ਯਾਦ ਮਨਾਉਣ ਦਾ ਲਾਭ ਹੈ।

ਪ੍ਰਿੰ: ਰਾਮ ਸਿੰਘ ਜੀ, ਚੀਫ ਆਰਗੇਨਾਈਜ਼ਰ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਲੁਧਿਆਣਾ ਨੇ ਆਪਣੇ ਵਿਚਾਰ ਸਾਂਝੇ ਕਰਦੇ ਹੋਏ ਭਾਈ ਹੀਰਾ ਸਿੰਘ ਦੀ ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਨਾਲ ਨੇੜਤਾ ਤੇ ਦਿਲ ਦੀ ਸਾਂਝ ਜੋ ਦੁਨਿਆਵੀ ਸਾਂਝਾਂ ਤੋਂ ਕਿਤੇ ਉੱਪਰ ਹੁੰਦੀ ਹੈ ਦਾ ਜ਼ਿਕਰ ਕੀਤਾ। ਭਾਈ ਹੀਰਾ ਸਿੰਘ ਨੇ ਗੁਰਪੁਰੀ ਸਿਧਾਰਨ ਤੋਂ ਕੁਝ ਦਿਨ ਪਹਿਲਾਂ ਇਛਾ ਪਰਗਟ ਕੀਤੀ ਕਿ ਸੰਤ ਜੀ ਦੇ ਦਰਸ਼ਨ ਹੋਣ। ਦਿਲ ਦੀਆਂ ਤਾਰਾਂ ਖੜਕੀਆਂ। ਸੰਤ ਜੀ ਜੋ ਉਸ ਵਕਤ ਪਟਿਆਲੇ ਵਿਚ ਸਨ ਇਕ ਦਮ ਦਿੱਲੀ ਪੁਜੇ ਜਿਥੇ ਭਾਈ ਹੀਰਾ ਸਿੰਘ ਦਾ ਨਿਵਾਸ ਮਲਕ ਤੇਜਾ ਸਿੰਘ ਦੀ ਕੋਠੀ ਵਿਚ ਸੀ। ਬੰਗਲਾ ਸਾਹਿਬ ਗੁਰਦੁਆਰੇ ਪੁਜ ਕੇ ਸੰਤਾਂ ਨੇ ਬਚਨ ਕੀਤੇ, "ਇਥੇ ਗੁਰੂ ਕਾ ਕੀਰਤਨੀਆਂ ਭਾਈ ਹੀਰਾ ਸਿੰਘ ਢਿੱਲਾ ਹੈ। ਉਸ ਦੀ ਆਤਮਾ ਦੀ ਕੋਈ ਐਸੀ ਖਿਚ ਪਈ ਹੈ ਜੋ ਸਾਨੂੰ ਇਕ ਦਮ ਇਥੇ ਆਣਾ ਪਿਆ। ਅਸਾਂ ਭਾਈ ਹੀਰਾ ਸਿੰਘ ਨੂੰ ਮਿਲਣਾ ਹੈ।" ਭਾਈ ਹੀਰਾ ਸਿੰਘ ਦੇ ਛੋਟੇ ਭਰਾਤਾ ਜਿਨਾਂ ਨੂੰ ਸੰਤ ਜੀ ਮਹਾਰਾਜ ਨੂੰ ਅੱਗੋਂ ਲਿਆਣ ਲਈ ਭੇਜਿਆ ਗਿਆ ਸੀ ਨੇ ਕੋ ਆ ਕੇ ਬੇਨਤੀ ਕੀਤੀ, "ਭਾਈ ਹੀਰਾ ਸਿੰਘ ਜੀ ਵੀ ਆਪ ਦੇ ਦਰਸ਼ਨਾਂ ਲਈ ਉਤਸੁਕ ਹਨ।" ਸੰਤ ਜੀ, ਭਾਈ ਹੀਰਾ ਸਿੰਘ ਜੀ ਕੋਲ ਪੁਜੇ। ਬਚਨ ਬਿਲਾਸ ਹੋਏ। ਸੰਤ ਜੀ ਨੇ ਫੁਰਮਾਇਆ "ਹੀਰਾ ਸਿੰਘ ਜੀ ਸਤਿਗੁਰੂ ਦੀਆਂ ਆਪ ਤੇ ਮਿਹਰਾਂ ਹਨ ਤੁਸੀਂ ਸਰੀਰਕ ਕਸਟ ਤੋਂ ਨਹੀਂ ਘਬਰਾਣਾ, ਤੁਸੀਂ ਆਪਣੀ ਆਤਮਾ ਨੂੰ ਬਲਵਾਨ ਤੇ ਅਰੋਗ ਰਖੋ।" ਪ੍ਰਿੰ: ਰਾਮ ਸਿੰਘ ਜੀ ਨੇ ਕਿਹਾ ਕਿ ਪਹੁੰਚੀਆਂ ਹੋਈਆਂ ਰੂਹਾਂ ਦੇ ਮਿਲਾਪ ਦਿਲ ਦੀਆਂ ਤਾਰਾਂ ਖੜਕਣ ਨਾਲ ਹੁੰਦੇ ਹਨ। ਦਿਲ ਦੀਆਂ ਤਾਰਾਂ ਵਾਇਰਲੈਸ ਤੋਂ ਵਧ ਕੰਮ ਕਰਦੀਆਂ ਹਨ। ਦਿਲ ਦੀਆਂ ਤਾਰਾਂ ਦੇ ਖੜਕਣ ਦੀ ਗਤੀ ਸੀਮਤ ਨਹੀਂ ਹੁੰਦੀ। ਭਾਈ ਹੀਰਾ ਸਿੰਘ ਦਾ ਯਾਦ ਕਰਨਾ ਤੇ ਸੰਤ ਜੀ ਦਾ ਪਟਿਆਲੇ ਤੋਂ ਦਿੱਲੀ ਪੁਜਣਾ ਇਕ ਕ੍ਰਿਸ਼ਮਾ ਸੀ। ਭਾਈ ਹੀਰਾ ਸਿੰਘ ਜੀ ਸਿੱਖ ਜਗਤ ਵਿਚ ਵਿਸ਼ੇਸ਼ ਸਥਾਨ ਰੱਖਦੇ ਹਨ। ਉਨ੍ਹਾਂ ਨੇ ਗੁਰੂ ਦੇ ਭੈਅ ਵਿਚ ਤੇ ਗੁਰੂ ਤੇ ਅਦਬ ਵਿੱਚ ਰਹਿੰਦਿਆਂ ਹੋਇਆਂ ਭਉ ਤੇ ਭਾਉ ਨੂੰ ਇੱਕਠੇ ਰਖਦੇ ਹੋਇਆਂ ਉਹ ਭਾਵਨੀ ਸੰਗਤ ਵਿੱਚ ਕੀਰਤਨ ਰਾਹੀਂ ਪੈਦਾ ਕੀਤੀ ਜਿਸ ਦਾ ਫਲ ਅਜ ਅਸੀਂ ਮਾਣ ਰਹੇ ਹਾਂ। ਬਾਬਾਣੀਆਂ ਕਹਾਣੀਆਂ, ਪੁਤ ਸਪੁਤ ਕਰੇਨ। ਭਾਈ ਹੀਰਾ ਸਿੰਘ ਜੀ ਦੇ ਸਭ ਤੋਂ ਛੋਟੇ ਸਪੁਤਰ ਮੇਜਰ ਆਗਿਆਪਾਲ ਸਿੰਘ ਵਲੋਂ ਸਥਾਪਤ ਕੀਤੇ ਗਏ ਭਾਈ ਹੀਰਾ ਸਿੰਘ ਮੈਮੋਰੀਅਲ ਟਰੱਸਟ ਵਲੋਂ ਐਸੇ ਸਮਾਗਮ ਕਰਨ ਦੇ ਉਪਰਾਲੇ ਲਈ ਪ੍ਰਿੰਸੀਪਲ ਰਾਮ ਸਿੰਘ ਨੇ ਖੁਸ਼ੀ ਪਰਗਟ ਕੀਤੀ।

ਪ੍ਰਿੰ: ਜਗਜੀਤ ਸਿੰਘ ਸਿਦਕੀ ਨੇ ਭਾਈ ਹੀਰਾ ਸਿੰਘ ਜੀ ਦੇ ਨਿਜੀ ਜੀਵਨ ਦੀਆਂ ਕੁਝ ਝਲਕੀਆਂ ਦਾ ਜਿਕਰ ਕੀਤਾ ਤੇ ਉਨ੍ਹਾਂ ਦੀ ਕਥਨੀ ਤੇ ਕਰਨੀ ਇਕ ਹੋਣ ਬਾਰੇ ਵਿਚਾਰ ਪੇਸ਼ ਕੀਤੇ। ਭਾਈ ਸਮੁੰਦ ਸਿੰਘ ਜੀ ਰਾਗੀ ਦਾ ਜੋ ਪਿਆਰ ਸਤਿਕਾਰ ਭਾਈ ਹੀਰਾ ਸਿੰਘ ਜੀ ਲਈ ਸੀ ਬਾਰੇ ਕੁਝ ਸ਼ਬਦ ਕਹੇ।

ਸਟੇਜ ਸੈਕਟਰੀ ਦੀ ਡਿਊਟੀ ਸ: ਰਾਜਿੰਦਰ ਸਿੰਘ ਜੀ ਨੇ ਬੜੇ ਸੁਚੱਜੇ ਢੰਗ ਨਾਲ ਨਿਭਾਈ। ਉਨ੍ਹਾਂ ਨੇ ਟਰਸੱਟ ਵਲੋਂ ਸਨਮਾਨਿਤ ਕੀਤੀਆਂ ਜਾ ਰਹੀਆਂ ਸੰਸਥਾਵਾਂ ਤੇ ਨਿਸ਼ਕਾਮ ਸੇਵਕਾਂ ਦੀ ਆਪਣੇ ਆਪਣੇ ਖੇਤਰ ਵਿਚ ਕੀਤੇ ਗੁਰਮਤਿ ਪ੍ਰਚਾਰ, ਗੁਰਬਾਣੀ ਕੀਰਤਨ ਸਿਖਲਾਈ, ਗੁਰਮਤਿ ਲਿਟਰੇਚਰ ਛਾਪਣ ਤੇ ਵੰਡਣ ਅਤੇ ਗੁਰਮਤਿ ਕੈਂਪਾਂ ਰਾਹੀਂ ਨੌਜੁਆਨ ਪੀੜ੍ਹੀ ਨੂੰ ਦਿੱਤੀ ਜਾ ਰਹੀ ਟ੍ਰੇਨਿੰਗ ਬਾਰੇ ਅਤੇ ਨਿਸ਼ਕਾਮ ਮਾਨਵ ਸੇਵਾ ਬਾਰੇ ਸੰਗਤਾਂ ਨੂੰ ਜਾਣੂ ਕਰਾਇਆ।

ਉਨ੍ਹਾਂ ਨੇ ਕਿਹਾ ਕਿ ਭਾਈ ਹੀਰਾ ਸਿੰਘ ਜੀ ਨੇ ਸਾਰਾ ਜੀਵਨ ਗੁਰਮਤਿ ਦਾ ਪਰਚਾਰ ਕਰਨ ਤੇ ਗੁਰੂ ਨਾਨਕ ਦੇ ਮਿਸ਼ਨ ਨੂੰ ਫੈਲਾਉਣ ਵਿਚ ਅਰਪਨ ਕੀਤਾ। ਇਸੇ ਲਈ ਉਨ੍ਹਾਂ ਦੀ ਯਾਦ ਵਿਚ ਸਥਾਪਤ ਟਰੱਸਟ ਵਲੋਂ ਉਨ੍ਹਾਂ ਸੰਸਥਾਵਾਂ ਤੇ ਸ਼ਖਸ਼ੀਅਤਾਂ ਦੀ ਪਹਿਚਾਨ

ਕੀਤੀ ਗਈ ਜੋ ਉਨ੍ਹਾਂ ਦੇ ਆਸ਼ਿਆਂ ਤੇ ਕੰਮ ਕਰ ਰਹੀਆਂ ਹਨ ਤੇ ਉਸੇ ਵਿਚਾਰਧਾਰਾ ਨੂੰ ਅਗੇ ਵਧਾਉਣ ਲਈ ਯੋਗਦਾਨ ਪਾ ਰਹੀਆ ਹਨ। ਉਨ੍ਹਾਂ ਨੂੰ ਸਨਮਾਨਿਤ ਕਰਨ ਲਈ ਬੇਨਤੀ ਕੀਤੀ ਗਈ। ਉਨ੍ਹਾਂ ਹੋਰ ਕਿਹਾ ਕਿ ਪ੍ਰਮੁੱਖ ਸੰਸਥਾਵਾਂ ਤੇ ਜਥੇਬੰਦੀਆਂ ਦੇ ਮੁਖੀਆਂ ਅਤੇ ਇਤਨੇ ਵਿਦਵਾਨਾਂ ਦਾ ਇਕ ਜਗ੍ਹਾ ਇਕੱਤਰ ਹੋਣਾ ਤੇ ਉਨ੍ਹਾਂ ਦੇ ਵਿਚਾਰ ਸੁਣਨੇ ਇਹ ਸਾਡੇ ਧੰਨ ਭਾਗ ਹਨ ਤੇ ਸਾਡੇ ਲਈ ਫਖਰ ਦੀ ਗਲ ਹੈ। ਐਸਾ ਸੁਭਾਗ ਸਮਾਂ ਬੜੇ ਭਾਗਾਂ ਨਾਲ ਪ੍ਰਾਪਤ ਹੁੰਦਾ ਹੈ। ਸਮਾਗਮ ਦੇ ਸਮੇਂ ਦੀ ਸੀਮਾ ਤੋਂ ਬਾਹਰ ਹੋ ਜਾਣ ਲਈ ਤੇ ਹਾਜ਼ਰ ਕੁਝ ਵਿਦਵਾਨਾਂ ਖਾਸ ਕਰ ਗਿਆਨੀ ਕੇਵਲ ਸਿੰਘ ਜੀ, ਡਾ : ਖੜਕ ਸਿੰਘ ਤੇ ਪ੍ਰਿ: ਬਲਜੀਤ ਸਿੰਘ ਦੇ ਵਿਚਾਰ, ਸਮੇਂ ਦੀ ਘਾਟ ਕਾਰਨ ਨਾ ਸੁਣਨ ਸਕਣ ਲਈ ਖਿਮਾ ਮੰਗੀ।

ਬੋਲੇ ਸੋ ਨਿਹਾਲ ਦੇ ਜੇਕਾਰਿਆਂ ਦੀ ਗੂੰਜ ਵਿਚ ਹੇਠ ਲਿਖੀਆ ਸੰਸਥਾਵਾਂ ਤੇ ਵਿਅਕਤੀਆਂ ਨੂੰ ਉਨ੍ਹਾਂ ਵਲੋਂ ਕੀਤੀਆਂ ਜਾ ਰਹੀਆਂ ਸੇਵਾਵਾਂ ਲਈ ਟਰਸੱਟ ਵਲੋਂ ਸਿੰਘ ਸਾਹਿਬ ਗਿਆਨੀ ਕੇਵਲ ਸਿੰਘ ਜੀ ਦੇ ਕਰ ਕਮਲਾ ਦੁਆਰਾ ਸ਼ਾਲ, ਮੀਮੈਂਟੋ ਤੇ ਨਕਦੀ ਨਾਲ ਸਨਮਾਨਿਤ ਕੀਤਾ ਗਿਆ ਗੁਰੂ ਕਾ ਲੰਗਰ ਅਤੁਟ ਵਰਤਿਆ ਗਿਆ।

**ਇਨਸਟੀਚੀਊਟ ਆਫ ਸਿੱਖ ਸੱਟਡੀਜ ਚੰਡੀਗੜ੍ਹ (ਡਾ : ਖੜਕ ਸਿੰਘ)**

ਸਿਖ ਧਰਮ ਬਾਰੇ ਕੀਤੇ ਜਾ ਰਹੇ ਗਲਤ ਪ੍ਰਚਾਰ ਤੋਂ ਜਾਗਰਿਤ ਕਰਨ, ਸਿਖ ਇਤਿਹਾਸ ਤੇ ਸਿਖ ਸਿਧਾਂਤਾ ਨੂੰ ਤੋੜਨ ਮੋੜਨ ਵਾਲਿਆ ਨੂੰ ਢੁਕੱਵਾਂ ਜੁਆਬ ਦੇਣ ਅਤੇ ਸਿਖ ਵਿਰੋਧੀ ਪ੍ਰਕਾਸ਼ਿਤ ਕੀਤੇ ਜਾ ਰਹੇ ਸਾਹਿਤ ਦੀ ਛਾਣ ਬੀਣ ਕਰਕੇ ਸਹੀ ਸਾਹਿਤ ਲਿਖ ਲਿਖਾ ਕੇ ਦੇਸ਼ ਵਿਦੇਸ਼ਾਂ ਵਿਚ ਸੈਮੀਨਾਰ ਤੇ ਕਾਨਫਰੰਸਾਂ ਅਯੋਜਿਤ ਕਰਕੇ ਆਪਣੇ ਜਰਨਲ 'ਐਬਸਟਰੈਕਟ ਆਫ ਸਿਖ ਸਟਡੀਜ' ਰਾਹੀ ਲੋਕਾਂ ਦੇ ਸਾਹਮਣੇਂ ਲਿਆਣ ਦੀ ਮਹਾਨ ਸੇਵਾ ਲਈ।

**ਨਿਸ਼ਕਾਮ ਸਿਖ ਵੈਲਫੇਅਰ ਕੋਸ਼ਲ (ਰਜਿ) ਨਵੀਂ ਦਿੱਲੀ**

ਵਿਧਵਾਵਾਂ, ਯਤੀਮ ਤੇ ਨਿਆਸਰੇ ਬਚਿਆਂ, ਬਜ਼ੁਰਗਾਂ, ਰੋਗੀਆਂ ਅਤੇ ਕੁਦਰਤੀ ਕਰੋਪੀਆਂ ਤੋ ਗ੍ਰਸੇ ਲੋਕਾਂ ਦੀ ਦੇਖ ਭਾਲ ਕਰਨ ਅਤੇ ਬਿਰਧ ਘਰ, ਯਤੀਮ ਖਾਨਾ ਤੇ ਹਸਪਤਾਲ ਸਥਾਪਤ ਕਰਨ ਦੀ ਮਹਾਨ ਸੇਵਾ ਲਈ।

**ਗੁਰਬਾਣੀ ਮਿਊਜਿਕ ਅਕੈਡਮੀ ਕਲੱਕਤਾ (ਪ੍ਰਿ : ਨਰਿੰਦਰ ਸਿੰਘ)**

ਭਾਈ ਹੀਰਾ ਸਿੰਘ ਨੂੰ ਸਮਰਪਤ ਇਸ ਚਲਦੀ ਫਿਰਦੀ ਟਕਸਾਲ ਵਲੋਂ ਕਲੱਕਤੇ ਸ਼ਹਿਰ ਵਿਖੇ ਗਿਆਰਾਂ ਸੈਂਟਰ ਬਣਾ ਕੇ ਸਿਖ ਤੇ ਹੋਰ ਕੌਮਾਂ ਖਾਸ ਕਰ ਬੰਗਾਲੀ ਬੱਚਿਆਂ ਨੂੰ ਪਿਛਲੇ ਪੰਝੀ ਸਾਲਾਂ ਤੋਂ, ਬਿਨਾਂ ਫੀਸ ਤੇ ਬਿਨਾਂ ਪੇਸ਼ਾਵਾਰ ਅਧਿਆਪਕਾਂ ਦੇ, ਗੁਰਬਾਣੀ ਕੀਰਤਨ ਤੇ ਸ਼ਾਸਤਰੀ ਸੰਗੀਤ ਸਿਖਾਏ ਜਾਣ ਤੇ ਛੇ ਸਾਲਾ ਡਿਗਰੀ ਕੋਰਸ ਦੀ ਤਿਆਰੀ ਕਰਾਣ ਦੀ ਨਿਸ਼ਕਾਮ ਤੇ ਲੰਬੀ ਸੇਵਾ ਲਈ।

**ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਲੁਧਿਆਣਾ (ਪ੍ਰਿ : ਰਾਮ ਸਿੰਘ)**

**ਸਿਖ ਮਿਸ਼ਨਰੀ ਕਾਲਿਜ (ਰਜਿ) ਲੁਧਿਆਣਾ (ਪ੍ਰਿ : ਹਰਭਜਨ ਸਿੰਘ)**

**ਬਾਬਾ ਜੁਝਾਰ ਸਿੰਘ ਗੁਰਮਤਿ ਮਿਸ਼ਨਰੀ ਕਾਲਿਜ ਚੌਤਾਂ (ਰੋਪੜ) (ਪ੍ਰਿ : ਬਲਜੀਤ ਸਿੰਘ)**

ਸਿਖ ਨੌਜੁਆਨਾਂ ਅਤੇ ਬਚਿਆਂ ਨੂੰ ਆਪਣੇ ਗੌਰਵਮਈ ਵਿਰਸੇ ਨਾਲ ਜੋੜਨ ਲਈ, ਪ੍ਰਭਾਵਸ਼ਾਲੀ ਢੰਗ ਨਾਲ ਗੁਰਮਤਿ ਸਾਹਿਤ ਤੇ ਗੁਰੂਇਤਿਹਾਸ ਦੀ ਜਾਣਕਾਰੀ ਦੇਣ, ਕੀਰਤਨ ਕਲਾਸਾਂ ਤੇ ਗੁਰਮਤਿ ਟ੍ਰੇਨਿੰਗ ਕੈਪਾਂ ਆਦਿ ਰਾਹੀਂ ਕੀਤੀ ਜਾ ਰਹੀ ਸੇਵਾਵਾਂ ਲਈ।

**ਭਾਈ ਅਮਰੀਕ ਸਿੰਘ ਜ਼ਖਮੀ**

ਆਪਣੇ ਪਿਤਾ ਭਾਈ ਧਰਮ ਸਿੰਘ ਜ਼ਖਮੀ ਪਾਸੋਂ ਵਿਰਸੇ ਵਿਚ ਸੰਗੀਤ ਵਿੱਦਿਆ ਦੀ ਜਾਣਕਾਰੀ ਪ੍ਰਾਪਤ ਕਰਕੇ ਗੁਰਮਤਿ ਸੰਗੀਤ ਦੀ ਪੁਰਾਤਨ ਮਰਯਾਦਾ ਨੂੰ ਕਾਇਮ ਕਰਦੇ ਹੋਏ ਰਾਗ ਵਿੱਦਿਆ ਦੇ ਮਾਹਿਰ ਇਕ ਸਫਲ ਕੀਤਰਨੀਆ ਹੋਣ ਪ੍ਰਤੀ।

**ਗਿਆਨੀ ਸਾਹਿਬ ਸਿੰਘ ਸ਼ਾਹਬਾਦ ਮਾਰਕੰਡਾ**

ਇਕ ਪ੍ਰਬੀਨ ਵਿਆਖਿਆਕਾਰ, ਗੁਰਮਤਿ ਸਾਹਿਤ ਦੇ ਖੋਜੀ, ਵਿਦਵਾਨ ਤੇ ਪ੍ਰਚਾਰਕ ਹੋਣ ਅਤੇ ਇਕ ਸੰਸਥਾ ਦੇ ਰੂਪ ਵਿਚ ਪਰਚਾਰਕ ਤਿਆਰ ਕਰਨ ਦੀ ਕੀਤੀ ਜਾ ਰਹੀ ਲੰਬੀ ਸੇਵਾ ਲਈ।

**ਗਿਆਨੀ ਜਗਜੀਤ ਸਿੰਘ ਸਿਦਕੀ ਲੁਧਿਆਣਾ**

ਗੁਰਬਾਣੀ ਕੀਰਤਨ ਤੇ ਵਿਆਖਿਆ ਰਾਹੀਂ ਗੁਰਮਤਿ ਪ੍ਰਚਾਰ ਕਰਨ ਅਤੇ ਲੁਧਿਆਣਾ ਵਿਖੇ ਖੋਹਲੇ ਗਏ ਗੁਰਮਤਿ ਗਿਆਨ ਮਿਸ਼ਨਰੀ ਕਾਲਿਜ ਦੀ ਸਥਾਪਨਾ ਵਿਚ ਯੋਗਦਾਨ ਪਾਣ ਲਈ।

**ਸ: ਉਤਮ ਸਿੰਘ, ਸ: ਕੁਲਦੀਪ ਸਿੰਘ, ਚੰਡੀਗੜ**

ਭਾਈ ਹੀਰਾ ਸਿੰਘ ਮੈਮੋਰੀਅਲ ਟਰਸੱਟ ਵਲੋਂ ਪੰਜ ਸਾਲਾਂ ਤੋਂ ਚਲਾਈਆ ਜਾ ਰਹੀਆਂ ਕੀਰਤਨ ਕਲਾਸਾਂ ਵਿਚ ਬਚਿਆਂ ਨੂੰ ਕੀਰਤਨ ਸਿਖਾਣ ਦੀ ਨਿਸ਼ਕਾਮ ਸੇਵਾ ਲਈ।

**ਬੀਬੀ ਚਰਨ ਜੀਤ ਕੌਰ ਚੰਡੀਗੜ੍ਹ, ਬੀਬੀ ਨਿਰਮਲ ਜੀਤ ਕੌਰ, ਚੰਡੀਗੜ੍ਹ**

ਆਪ ਕੀਰਤਨ ਸਿਖ ਕੇ ਅਗੇ ਬਚਿਆਂ ਨੂੰ ਕੀਰਤਨ ਸਿਖਾਣ ਦੀ ਨਿਸ਼ਕਾਮ ਸੇਵਾ ਲਈ

**ਸ: ਹਰਭਜਨ ਸਿੰਘ ਮੁਹਾਲੀ**

ਕਿੱਤੇ ਵਜੋਂ ਚਾਰਟਰਡ ਐਕਾਊਂਟੈਂਟ ਹੋਣ ਦੇ ਬਾਵਜੂਦ, ਮੁਹਾਲੀ ਵਿਖੇ ਬਚਿਆਂ ਨੂੰ ਕੀਰਤਨ ਸਿਖਾਣ ਦੀ ਨਿਸ਼ਕਾਮ ਸੇਵਾ ਲਈ।

**ਭਾਈ ਹਰਨਾਮ ਸਿੰਘ ਸ਼ਿਮਲਾ**

82 ਸਾਲ ਦੇ ਬਜ਼ੁਰਗ ਗੁਰੂ ਘਰ ਨਾਲ ਜੁੜੇ ਹੋਏ ਸ਼ਿਮਲਾ ਸਿੰਘ ਸਭਾ ਦੇ ਗੁਰਦੁਆਰੇ ਦੇ ਪ੍ਰਬੰਧਕ ਤੇ ਨਿਸ਼ਕਾਮ ਸੇਵਕ ਹੋਣ ਪ੍ਰਤੀ।

**ਮੇਜਰ ਨੌਰਾਤਾ ਸਿੰਘ, ਪ੍ਰਧਾਨ ਗੁਰਦੁਆਰਾ ਸੈਕਟਰ 34**

ਪਿਛਲੇ ਤਿੰਨ ਸਾਲਾਂ ਤੋਂ ਟਰਸੱਟ ਵਲੋਂ ਕੀਤੇ ਗਏ ਵਿਸ਼ੇਸ਼ ਸਮਾਗਮਾਂ ਵਿੱਚ ਪੂਰਨ ਤੇ ਭਰਪੂਰ ਸਹਿਯੋਗ ਦੇਣ ਪ੍ਰਤੀ ।

**ਪ੍ਰਿੰਸੀਪਲ ਹਰਭਜਨ ਸਿੰਘ ਦੇ ਹੱਥੋਂ ਗਿਆਨੀ ਕੇਵਲ ਸਿੰਘ ਜੀ** ਨੂੰ ਸਨਮਾਨਿਤ ਹੋਣ ਪਿਛੋਂ ਸਮਾਰੋਹ ਸਮਾਪਤ ਹੋਇਆ ।

# ਸਿਲੇਬਸ

## ਡਿਪਲੋਮਾ ਇਨ ਗੁਰਮਤਿ ਸੰਗੀਤ

1) ਇਹ ਕੋਰਸ ਪੱਤਰ ਵਿਹਾਰ ਸਿੱਖਿਆ ਵਿਭਾਗ ਵੱਲੋ ਚਲਾਇਆ ਜਾਵੇਗਾ।

2) ਅਵੱਧੀ : ਇਕ ਅਕਾਦਮਿਕ ਸਾਲ ਹੋਵੇਗੀ।

3) ਦਾਖਲੇ ਲਈ ਵਿੱਦਿਅਕ ਯੋਗਤਾ :
(ੳ) ਦਸਵੀਂ ਪਾਸ ਕੀਤੀ ਹੋਵੇ, (ਅ)ਸੰਗੀਤ ਵਿਦਿਆਲੇ ਵਿੱਚ ਕਿਰਿਆਤਮਕ ਤਾਲੀਮ ਪ੍ਰਾਪਤ ਕਰਨ ਦਾ ਦੋ ਸਾਲ ਦਾ ਤਜਰਬਾ ਜਾਂ ਕਿਸੇ ਮਾਨਤਾ ਪ੍ਰਾਪਤ ਸੰਸਥਾ ਵਿੱਚ ਬਤੋਰ ਕੀਰਤਨਕਾਰ ਦੇ ਸਾਲ ਦਾ ਤਜਰਬਾ ਜਾਂ ਸੰਗੀਤ ਵਿਸ਼ਾਰਦ ਦੀ ਡਿਗਰੀ ਪ੍ਰਾਪਤ ਕੀਤੀ ਹੋਵੇ।

4) ਪੜ੍ਹਾਈ ਦਾ ਮਾਧਿਅਮ : ਪੰਜਾਬੀ, 5) ਪ੍ਰੀਖਿਆ ਲਈ ਮਾਧਿਅਮ : ਪੰਜਾਬੀ, ਹਿੰਦੀ ਜਾਂ ਅੰਗਰੇਜ਼ੀ

6) ਨਿੱਜੀ ਸੰਪਰਕ ਪ੍ਰੋਗਰਾਮ : ਵਿਦਿਆਰਥੀ ਲਈ 8-10 ਦਿਨਾਂ ਦੇ ਦੋ ਨਿੱਜੀ ਸੰਪਰਕ ਪ੍ਰੋਗਰਾਮ ਲਗਾਏ ਜਾਣਗੇ ਜੋ ਲਾਜ਼ਮੀ ਹੋਣਗੇ।

7) ਉੱਤਰ ਪੱਤਰ : ਵਿਦਿਆਰਥੀਆਂ ਨੂੰ ਪਹਿਲੇ ਦੋ ਪਰਚਿਆਂ ਵਿੱਚ ਹਰੇਕ ਵਿਚੋਂ ਤਿੰਨ ਤਿੰਨ ਉੱਤਰ ਪੱਤਰ (ਕੁਲ ਛੇ ਉੱਤਰ ਪੱਤਰ) ਭੇਜਣੇ ਲਾਜ਼ਮੀ ਹੋਣਗੇ।

8) ਪ੍ਰੀਖਿਆ ਲਈ ਪਾਤਰਤਾ : ਨਿੱਜੀ ਸੰਪਰਕ ਪ੍ਰੋਗਰਾਮ ਵਿੱਚ 75 ਫੀਸਦੀ ਹਾਜਰੀ ਅਤੇ ਨਿਰਧਾਰਿਤ ਉੱਤਰ ਪੱਤਰ ਪੇਸ਼ ਕਰਨ ਤੇ ਹੀ ਕੋਈ ਵਿਦਿਆਰਥੀ ਪ੍ਰੀਖਿਆ ਦੇ ਯੋਗ ਹੋਵੇਗਾ।
ਜਿਹੜੇ ਵਿਦਿਆਰਥੀ ਨਿੱਜੀ ਸੰਪਰਕ ਪ੍ਰੋਗਰਾਮਾਂ ਵਿੱਚ ਹਾਜਰੀਆਂ ਅਤੇ ਲੋੜੀਦੇ, ਉੱਤਰ ਪੇਸ਼ ਨਾ ਕਰਨ ਕਰਕੇ ਅਯੋਗ ਕਰਾਰ ਦਿੱਤੇ ਜਾਣਗੇ ਉਹ ਅਗਲੇ ਸਾਲ 500/- ਰੁਪਏ ਕੰਟੀਨਿਊਸ਼ਨ ਫੀਸ ਵਲੋਂ ਜਮ੍ਹਾਂ ਕਰਵਾ ਕੇ ਅਤੇ ਲੋੜੀਂਦੀਆਂ ਸ਼ਰਤਾ ਪੂਰੀਆਂ ਕਰਨ ਤੇ ਪ੍ਰੀਖਿਆ ਦੇ ਪਾਤਰ ਬਣ ਸਕਣਗੇ।

9) ਪ੍ਰੀਖਿਆ : (ੳ) ਇਸ ਡਿਪਲੋਮੇ ਦੀ ਪ੍ਰੀਖਿਆ ਸਾਲ ਵਿੱਚ ਇਕ ਵਾਰ ਹੋਵੇਗੀ।

10) ਪ੍ਰੀਖਿਆ ਫੀਸ : (ੳ) ਰੈਗੂਲਰ ਵਿਦਿਆਰਥੀ 200/-
(ਅ) ਪੱਤਰ ਵਿਹਾਰ ਸਿੱਖਿਆ ਵਿਭਾਗ ਦੇ ਰਹਿ ਚੁੱਕੇ ਵਿਦਿਆਰਥੀ 250/-

11) ਪ੍ਰੀਖਿਆ ਫੀਸ ਭਰਨ ਦੀਆਂ ਮਿਤੀਆਂ

| ਬਿਨਾਂ ਲੇਟ ਫੀਸ | 100/- ਰੁਪਏ ਲੇਟ ਫੀਸ | 300/-ਰੁਪਏ ਲੇਟ ਫੀਸ | 500/- ਰੁਪਏ ਲੇਟ ਫੀਸ | 1000/- ਰੁਪਏ ਲੇਟ ਫੀਸ |
|---|---|---|---|---|
| 12 ਦਸੰਬਰ | 10 ਜਨਵਰੀ | 9 ਫਰਵਰੀ | ਪ੍ਰੀਖਿਆ ਸ਼ੁਰੂ ਹੋਣ ਤੋ 21 ਦਿਨ ਪਹਿਲਾਂ | ਪ੍ਰੀਖਿਆ ਸ਼ੁਰੂ ਹੋਣ ਤੋ ਦਸ ਦਿਨ ਪਹਿਲਾਂ (ਵੀ. ਸੀ. ਸਾਹਿਬ ਦੀ ਪ੍ਰਵਾਨਗੀ ਨਾਲ) |

12) ਪਾਸ ਹੋਣ ਲਈ ਵਿਦਿਆਰਥੀ ਨੂੰ ਹਰ ਪੇਪਰ ਵਿਚੋਂ ਘੱਟੋ ਘੱਟ 35 ਅੰਕ ਪ੍ਰਾਪਤ ਕਰਨੇ ਜ਼ਰੂਰੀ ਹੋਣਗੇ ਅਤੇ ਸਮੁੱਚਾ ਐਗਰੀਗੇਟ 40 ਤੋਂ ਉਤੇ ਹੋਵੇ। ਪਾਸ ਹੋਣ ਲਈ ਪ੍ਰੈਕਟੀਕਲ ਪ੍ਰੀਖਿਆ ਵਿਚੋਂ ਹੀ ਪਾਸ ਹੋਣਾ ਜ਼ਰੂਰੀ ਹੋਵੇਗਾ।

13) ਪਾਸ ਵਿਦਿਆਰਥੀ ਨੂੰ ਨੰਬਰਾਂ ਦੇ ਅਧਾਰ ਤੇ ਹੇਠ ਲਿਖੀਆਂ ਸ਼੍ਰੇਣੀਆਂ ਵਿੱਚ ਵੰਡਿਆ ਜਾਵੇਗਾ :-

| | | |
|---|---|---|
| ਪਹਿਲੀ ਸ਼੍ਰੇਣੀ | : | 6 0 ਜਾਂ ਇਸ ਤੋਂ ਉੱਪਰ |
| ਦੂਜੀ ਸ਼੍ਰੇਣੀ | : | 50 ਜਾਂ ਇਸ ਤੋਂ ਉੱਪਰ |
| ਤੀਜੀ ਸ਼੍ਰੇਣੀ | : | 35 ਜਾ ਇਸ ਤੋਂ ਉੱਪਰ |

14) ਨਤੀਜਾ : ਪ੍ਰੀਖਿਆ ਸ਼ਾਖਾ ਵਲੋਂ ਪ੍ਰੀਖਿਆ ਖਤਮ ਹੋਣ ਤੋਂ ਛੇ ਹਫਤੇ ਬਾਅਦ ਜਾਂ ਜਦੋਂ ਵੀ ਜਲਦੀ ਤੋਂ ਜਲਦੀ ਸੰਭਵ ਹੋਵੇ ਕੱਢਿਆ ਜਾਵੇਗਾ।

15) ਪ੍ਰੀਖਿਆ ਪਾਸ ਕਰਨ ਲਈ ਮੌਕੇ : ਦਾਖਲੇ ਤੋ ਤਿੰਨ ਅਕਾਦਮਿਕ ਸਾਲਾਂ ਦੇ ਅੰਦਰ ਅੰਦਰ ਪ੍ਰੀਖਿਆ ਪਾਸ ਕਰਨੀ ਹੋਵੇਗੀ ਨਹੀਂ ਤਾਂ ਨਵੇਂ ਸਿਰੇ ਤੋਂ ਦਾਖਲਾ ਲੈਣਾ ਪਵੇਗਾ।

16 ) ਗਰੇਸ ਮਾਰਕਸ : ਯੂਨੀਵਰਸਿਟੀ ਪ੍ਰੀਖਿਆ ਵਿੱਚ ਗਰੇਸ ਮਾਰਕਸ ਯੂਨੀਵਰਸਿਟੀ ਨਿਯਮਾਂ ਅਨੁਸਾਰ ਮਿਲਣਗੇ।

17) ਪੁਨਰ ਮੁਲਾਂਕਣ : ਵਿਦਿਆਰਥੀ ਯੂਨੀਵਰਸਿਟੀ ਨਿਯਮਾਂ ਅਨੁਸਾਰ ਪੁਨਰ ਮੁਲਾਂਕਣ ਕਰਵਾ ਸਕੇਗਾ ਪਰੰਤੂ-ਪ੍ਰੈਕਟੀਕਲ ਵਿਸ਼ੇ ਵਿਚ ਕੋਈ ਪੁਨਰ ਮੁਲਾਂਕਣ ਨਹੀਂ ਹੋਵੇਗਾ।

18) ਵਿਦਿਆਰਥੀ ਯੂਨੀਵਰਸਿਟੀ ਵੱਲੋਂ ਸਮੇਂ ਸਮੇਂ ਤੇ ਨਿਰਧਾਰਿਤ ਕੀਤੀ ਜਾਣ ਵਾਲੀ ਟਿਊਸ਼ਨ ਫੀਸ, ਪ੍ਰੈਕਟੀਕਲ ਫੀਸ ਤੇ ਹੋਰ ਚੰਦੇ ਦੇਵੇਗਾ। ਫੀਸ ਸਾਰੇ ਸਾਲ ਦੀ ਇਕੱਠੀ ਹੀ ਦੇਣੀ ਹੋਵੇਗੀ।

## ਸਿਲੇਬਸ
## ਡਿਪਲੋਮਾ ਇਨ ਗੁਰਮਤਿ ਸੰਗੀਤ
## 1998, 99 ਅਤੇ 2000 ਪ੍ਰੀਖਿਆਵਾਂ

ਪਰਚਾ ਪਹਿਲਾ (ਲਿਖਤੀ) : ਹਿੰਦੁਸਤਾਨੀ ਸੰਗੀਤ : ਜਾਣਕਾਰੀ ਅਤੇ ਮੁਢਲੇ ਨਿਯਮ ਕੁਲ
ਪਰਚਾ ਦੂਜਾ (ਲਿਖਤ) : ਗੁਰਮਤਿ ਸੰਗੀਤ : ਪਰਿਚਯ, ਸਰੂਪ ਤੇ ਸਿਧਾਂਤ
ਪਰਚਾ ਤੀਜਾ (ਕਿਰਿਆਤਮਕ) : ਸ਼ਬਦ ਕੀਰਤਨ : ਗਾਇਨ
ਪਰਚਾ ਚੌਥਾ (ਕਿਰਿਆਤਕਮ) : ਸ਼ਬਦ ਕੀਰਤਨ : ਮੌਖਿਕ ਪ੍ਰੀਖਿਆ

### ਪਰਚਾ ਪਹਿਲਾ (ਲਿਖਤੀ) ਹਿੰਦੁਸਤਾਨੀ ਸੰਗੀਤ : ਜਾਣਕਾਰੀ ਤੇ ਮੁਢਲੇ ਨਿਯਮ

ਕੁਲ ਅੰਕ : 100 ਸਮਾਂ : 3 ਘੰਟੇ

**ਪੇਪਰ ਸੈਟਰ ਲਈ ਹਦਾਇਤਾਂ** :ਪ੍ਰਸ਼ਨ ਪੱਤਰ ਦੇ ਕੁਲ ਚਾਰ ਭਾਗ ੳ,ਅ,ੲ ਅਤੇ ਸ ਹੋਣਗੇ। 100 ਅੰਕਾਂ ਦੇ ਇਸ ਪੇਪਰ ਵਿਚ ਭਾਗ ੳ,ਅ,ੲ ਹਰੇਕ ਵਿਚੋਂ ਵੀਹ ਵੀਹ ਅੰਕਾ ਦੇ ਦੋ ਦੋ ਸਵਾਲ ਪੁਛੇ ਜਾਣਗੇ। ਪ੍ਰੀਖਿਆਰਥੀ ਲਈ ਹਰੇਕ ਭਾਗ ਵਿਚੋਂ (ੳ,ਅ,ੲ) ਇਕ ਇਕ ਪ੍ਰਸ਼ਨ ਕਰਨਾ ਜ਼ਰੂਰੀ ਹੋਵੇਗਾ। ਭਾਗ ਸ ਵਿਚ ਸਾਰੇ ਪਾਠਕ੍ਰਮ ਵਿਚੋ 10 ਸੰਖੇਪ ਉਤਰਾਂ ਵਾਲੇ ਪ੍ਰਸ਼ਨ ਪੁਛੇ ਜਾਣਗੇ ਅਤੇ ਇਸ ਸਾਰੇ ਭਾਗ

ਦੇ ਸਾਰੇ ਪ੍ਰਸ਼ਨ ਜ਼ਰੂਰੀ ਹੋਣਗੇ। ਭਾਗ ਸ ਚਾਲੀ ਅੰਕਾ ਦਾ ਹੋਵੇਗਾ (10 × 4)=40

**ਪਰੀਖਿਆਰਥੀ ਲਈ ਹਦਾਇਤਾਂ** :ਭਾਗ ੳ, ਅ, ੲ ਵਿਚੋਂ ਘੱਟੋ ਘੱਟ ਇਕ ਪ੍ਰਸ਼ਨ ਅਤੇ ਸ ਦੇ ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ। ਭਾਗ ੳ, ਅ, ੲ ਵੀਹ ਵੀਹ ਨੰਬਰਾਂ ਦਾ ਅਤੇ ਭਾਗ ਸ ਚਾਲੀ (10 × 4)=40 ਅੰਕਾ ਦਾ ਹੋਵੇਗਾ।

**ਭਾਗ ' ੳ '** :ਤਕਨੀਕ ਸ਼ਬਦਾਵਲੀ : 1) ਸੁਰ, ਸਪਤਕ, ਆਰੋਹ, ਅਵਰੋਹ, ਪਕੜ, ਵਾਦੀ, ਸੰਵਾਦੀ, ਅਨੁਵਾਦੀ, ਵਿਵਾਦੀ, ਨਿਆਸ, ਜਾਤੀ, ਥਾਟ, ਰਾਗ, ਤਾਲ, ਲੈਅ, ਸਮ, ਮਾਤਰਾ, ਤਾਲੀ, ਖਾਲੀ, ਵਿਭਾਗ।

2) ਠਾਅ, ਦੂਣ(ਦੁਗਣ), ਲਾਗੀ, ਮੁਕਾਮ, ਗੁਰ, ਰਹਾਓ, ਅੰਕ, ਘਰੁ, ਜਾਤਿ, ਛੱਕਾ, ਪਉੜੀ, ਪੜਤਾਲ, ਚੌਕੀ, ਰਾਗਮਾਲਾ, ਸ਼ਾਨ

**ਭਾਗ 'ਅ'**: (1) ਰਾਗ ਬਣਤਰ ਦੇ ਤੱਤ ਤੇ ਨਿਯਮ (2)ਹਿੰਦੁਸਤਾਨੀ ਸੰਗੀਤ ਵਿਚ ਪ੍ਰਚਲਿਤ ਗਾਇਨ ਸ਼ੈਲੀਆਂ ਦੀ ਸੰਖੇਪ ਜਾਣਕਾਰੀ। (3) ਭਾਤਖੰਡੇ ਸੁਰ ਲਿਪੀ ਦੇ ਚਿੰਨ੍ਹਾਂ ਦੀ ਜਾਣਕਾਰੀ ਤੇ ਲਿਖਣ ਵਿਧੀ

**ਭਾਗ 'ੲ'**: (1) ਗਾਇਕ ਦੇ ਗੁਣ ਤੇ ਦੋਸ਼ (2) ਨਿਮਨ ਲਿਖਤ ਰਾਗਾਂ ਦਾ ਪਰਿਚਯ :- ਰਾਗ ਆਸਾ, ਬਿਲਾਵਲ, ਤਿਲੰਗ, ਧਨਾਸਰੀ, ਵਡਹੰਸ, ਸੋਰਠ, ਕਲਿਆਣ, ਸਾਰੰਗ, ਮਲਾਰ, ਭੈਰਉ, ਰਾਮਕਲੀ, ਗੂਜਰੀ, ਟੋਡੀ, ਬਸੰਤ, ਤੁਖਾਰੀ

## ਪਰਚਾ ਦੂਜਾ (ਲਿਖਤੀ) ਗੁਰਮਤਿ ਸੰਗੀਤ, ਪਰਿਚਯ, ਸਰੂਪ ਤੇ ਸਿਧਾਂਤ

ਕੁਲ ਅੰਕ : 100 ਸਮਾਂ : 3 ਘੰਟੇ

**ਪੇਪਰ ਸੈਂਟਰ ਲਈ ਹਦਾਇਤਾਂ** : ਪ੍ਰਸ਼ਨ ਪੱਤਰ ਦੇ ਕੁਲ ਚਾਰ ਭਾਗ ੳ,ਅ,ੲ,ਸ ਹੋਣਗੇ। 100 ਅੰਕਾ ਦੇ ਇਸ ਪੇਪਰ ਦੇ ਭਾਗ ੳ,ਅ,ੲ ਵਿਚ ਵੀਹ ਵੀਹ ਅੰਕਾ ਦੇ ਦੋ ਦੋ ਸਵਾਲ ਪੁਛੇ ਜਾਣਗੇ। ਪ੍ਰੀਖਿਆਰਥੀ ਲਈ ਹਰੇਕ ਭਾਗ (ੳ,ਅ,ੲ) ਵਿਚੋਂ ਇਕ ਇਕ ਪ੍ਰਸ਼ਨ ਕਰਨਾ ਜ਼ਰੂਰੀ ਹੋਵੇਗਾ। ਭਾਗ ਸ ਵਿਚੋਂ ਸਾਰੇ ਪਾਠਕ੍ਰਮ ਵਿਚੋਂ 10 ਸੰਖੇਪ ਉਤਰਾਂ ਵਾਲੇ ਪ੍ਰਸ਼ਨ ਪੁਛੇ ਜਾਣਗੇ, ਜੋ ਸਾਰੇ ਜ਼ਰੂਰੀ ਹਨ। ਭਾਗ ਸ ਦੇ ਚਾਲੀ ਅੰਕ (10 × 4) ਹੋਣਗੇ।

### ਪ੍ਰੀਖਿਆਰਥੀ ਲਈ ਹਦਾਇਤਾਂ

ਭਾਗ ੳ,ਅ,ੲ ਵਿਚੋਂ ਘੱਟੋ ਘੱਟ ਇਕ ਪ੍ਰਸ਼ਨ ਅਤੇ ਭਾਗ 'ਸ' ਦੇ ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।
ਭਾਗ ੳ,ਅ,ੲ ਵੀਹ ਵੀਹ ਨੰਬਰਾਂ ਦਾ ਅਤੇ ਭਾਗ ਸ 40 (10 × 4) ਅੰਕਾ ਦਾ ਹੋਵੇਗਾ।

**ਭਾਗ ੳ** : (1) ਗੁਰਮਤਿ ਸੰਗੀਤ : ਸਰੂਪ ਤੇ ਸਿਧਾਂਤ (2)ਆਦਰਸ਼ ਕੀਰਤਨੀਏ ਦੇ ਗੁਣ

**ਭਾਗ ਅ** :(1) ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਗੀਤਕ ਅਧਿਐਨ (ਗੁਰਮਤਿ ਸੰਗੀਤ ਦੇ ਅਧਾਰ ਗ੍ਰੰਥ ਵਜੋਂ)
(2) ਰਬਾਬ, ਸਰੰਦਾ, ਤਊਸ, ਦਿਲਰੁਬਾ, ਤਾਨਪੁਰਾ, ਤਬਲਾ(ਜੋੜੀ) ਹਰਮੋਨੀਅਮ ਦੀ ਸੰਖੇਪ ਜਾਣਕਾਰੀ
(3) ਗੁਰਮਤਿ ਸੰਗੀਤ ਵਿਚ ਪ੍ਰਚਲਿਤ ਕੀਰਤਨ ਚੌਕੀਆਂ : ਮਰਿਯਾਦਾ ਤੇ ਸਰੂਪ

**ਭਾਗ ੲ**:(1) ਗੁਰਮਤਿ ਸੰਗੀਤ ਦੇ ਪਰਸਿਧ ਕੀਰਤਨਕਾਰ (2) ਗੁਰਮਤਿ ਸੰਗੀਤ ਦੀਆਂ ਪ੍ਰਸਿਧ ਟਕਸਾਲਾਂ

## ਤੀਜਾ ਪਰਚਾ (ਕਿਰਿਆਤਮਕ) ਸ਼ਬਦ ਕੀਰਤਨ : ਗਾਇਨ

ਕੁਲ ਅੰਕ : 100 ਸਮਾਂ : ਤਿੰਨ ਘੰਟੇ

**ਪੇਪਰ ਸੈਟਰ ਲਈ ਹਦਾਇਤਾਂ**: ਗੁਰਮਤਿ ਸੰਗੀਤ ਦੀ ਸ਼ਬਦ ਕੀਰਤਨ ਤੇ ਰਾਗ ਪਰੰਪਰਾ ਦੇ ਅਨੁਸਾਰ ਇਸ ਪ੍ਰੀਖਿਆ ਵਿਚ ਸੰਗੀਤ ਦੀ ਤਕਨੀਕੀ ਮੁਹਾਰਤ ਤੇ ਪਰਬੀਨਤਾ ਪਰਖੀ ਜਾਵੇ। ਤੰਤੀ ਸਾਜ਼ਾਂ ਉਤੇ ਗਾਉਣ ਵਾਲੇ ਵਿਦਿਆਰਥੀਆਂ ਨੂੰ ਤਰਜੀਹ ਦਿੱਤੀ ਜਾਵੇਗੀ।

**ਪ੍ਰੀਖਿਆਰਥੀ ਲਈ ਹਦਾਇਤਾਂ** :ਤੰਤੀ ਸ਼ਾਜਾਂ ਉਤੇ ਗਾਉਣ ਵਾਲੇ ਵਿਦਿਆਰਥੀਆਂ ਨੂੰ ਤਰਜੀਹ ਦਿਤੀ ਜਾਵੇਗੀ। ਮੰਚ ਪ੍ਰਦਰਸ਼ਨ ਲਈ ਪਾਠਕ੍ਰਮ ਵਿਚ ਦਰਸਾਏ ਸਾਰੇ ਗਾਇਨ ਰੂਪ ਜ਼ਰੂਰੀ ਹਨ।

**ਪਾਠ ਕ੍ਰਮ:** ਸ਼ਬਦ ਕੀਰਤਨ ਗਾਇਨ ਵਿਚ ਕੀਰਤਨ ਚੌਕੀ ਦੇ ਰੂਪ ਵਿਚ ਨਿਮਨ ਲਿਖਤ ਕਿਸੇ ਇਕ ਰਾਗ ਵਿਚ ਹੇਠ ਲਿਖੇ ਕੀਰਤਨ ਚੌਕੀ ਦੇ ਅੰਗ ਗਾਏ ਜਾਣੇ ਜ਼ਰੂਰੀ ਹਨ :-ਰਾਗ ਆਸਾ, ਤਿਲੰਗ, ਬਿਲਾਵਲ, ਟੋਡੀ, ਭੈਰਉ, ਰਾਮਕਲੀ, ਕਲਿਆਣ, ਵਡਹੰਸ, ਤੁਖਾਰੀ, ਸਾਰੰਗ, ਸੋਰਠਿ, ਧਨਾਸਰੀ, ਬਸੰਤ।

1) ਮੰਗਲਾਚਰਣ (ਵਿਲੰਬਤ ਬੰਦਨਾ ਸ਼ੈਲੀ ਵਿਚ) -10
(2) ਧਰੁਪਦ ਅੰਗ ਤੋਂ ਸ਼ਬਦ - 25
(3) ਸ਼ਬਦ ਮੱਧ ਲੈਅ - 25
(4) ਸ਼ਬਦ ਰੀਤ ਪਰਮਾਣ ਸਹਿਤ - 10
(5) ਆਸਾ ਦੀ ਵਾਰ - 10
(6 ) ਸੋਦਰੁ - 10
(7) ਸੁਰ ਗਿਆਨ ਤੇ ਗਾਇਨ ਪਰਭਾਵ - 10

## ਪਰਚਾ ਚੌਥਾ (ਕਿਰਿਆਤਮਕ) ਸ਼ਬਦ ਕੀਰਤਨ : ਮੌਖਿਕ ਪਰੀਖਿਆ

ਕੁਲ ਅੰਕ : 100 ਸਮਾਂ : ਤਿੰਨ ਘੰਟੇ

**ਪਾਠ ਕ੍ਰਮ** : ਪ੍ਰੀਖਿਆਕ ਹੇਠ ਲਿਖੇ ਪਾਠਕ੍ਰਮ ਵਿਚੋ ਵਿਦਿਆਰਥੀ ਕੋਲੋਂ ਰਾਗ, ਗਾਇਨ ਰੂਪ, ਤਾਲ ਅਤੇ ਸ਼ਬਦ ਕੀਰਤਨ ਵਿਚ ਇਨ੍ਹਾਂ ਦੇ ਮਹੱਤਵ ਸਬੰਧੀ ਸੁਆਲ ਪੁੱਛ ਸਕਦਾ ਹੈ।
(1) ਤੀਸਰੇ ਪਰਚੇ ਵਿਚ ਦਸੇ ਗਏ ਰਾਗਾਂ ਵਿਚੋ 10 ਰਾਗਾਂ ਦੀ ਜਾਣਕਾਰੀ (2) ਨਿਮਨ ਲਿਖਤ ਤਾਲਾਂ ਵਿਚੁ 10 ਤਾਲਾਂ ਦੀ ਸੰਖੇਪ ਜਾਣਕਾਰੀ :- ਦਾਦਰਾ, ਕਹਿਰਵਾ, ਪਉੜੀ, ਤਿੰਨਤਾਲ, ਇਕ ਤਾਲ, ਚਾਰ ਤਾਲ, ਝਪਤਾਲ, ਸੂਲਤਾਲ, ਦੀਪਚੰਦੀ, ਰੂਪਕ, ਆੜਾ ਚਾਰ ਤਾਲ, ਝੂਮਰਾ, ਤਿਲਵਾੜਾ (3) ਨਿਮਨ ਲਿਖਤ ਕੀਰਤਨ ਗਾਇਨ ਰੂਪਾਂ ਦੀ ਕਿਰਿਆਤਮਕ ਜਾਣਕਾਰੀ :-(ੳ) ਪੜਤਾਲ, ਬਸੰਤ ਦੀ ਪਉੜੀ , ਆਸਾ ਦੀ ਵਾਰ, ਸੋਦਰੁ (ਅ) ਅਲਾਹੁਣੀਆਂ, ਘੋੜੀਆਂ, ਲਾਵਾਂ (ੲ) ਜਨਮ, ਅਨੰਦਕਾਰਜ ਤੇ ਅਕਾਲ ਚਲਾਣੇ ਸਬੰਧੀ, ਸ਼ਬਦ ਕੀਰਤਨ ਦੀ ਮਰਿਆਦਾ।

**ਨੋਟ :- ਵਧੇਰੇ ਜਾਣਕਾਰੀ ਲਈ ਮੁਖੀ, ਪੱਤਰ ਵਿਹਾਰ ਸਿੱਖਿਆ, ਪੰਜਾਬੀ ਯੂਨੀਵਰਸਟੀ ਪਟਿਆਲਾ ਜਾਂ ਮੁਖੀ, ਸੰਗੀਤ ਵਿਭਾਗ ਯੂਨੀਵਰਸਟੀ ਪਟਿਆਲਾ ਨਾਲ ਸੰਪਰਕ ਕਰੋ ਜੀ।**

## ਅੰਮ੍ਰਿਤ ਕੀਰਤਨ ਦਾ ਚੰਦਾ ਭੇਜੋ ਜੀ

ਜੇ ਤੁਸੀਂ ਅਜੇ ਤਕ ਅੰਮ੍ਰਿਤ ਕੀਰਤਨ ਦਾ ਚੰਦਾ ਨਹੀਂ ਭੇਜਿਆ ਤਾਂ ਤੁਰੰਤ ਭੇਜਣ ਦੀ ਕਿਰਪਾ ਕਰੋ। ਆਪ ਦੀ ਮਾਇਕ ਸਹਾਇਤਾ ਨਾਲ ਹੀ ਇਹ ਮੈਗਜ਼ੀਨ ਨਿਰੰਤਰ ਅਤੇ ਨਿਰਵਿਘਨ ਜਾਰੀ ਰਖਿਆ ਜਾ ਸਕਦਾ ਹੈ।
**ਜੇ ਤੁਸੀਂ ਮੈਗਜ਼ੀਨ ਬੰਦ ਕਰਨਾ ਚਾਹੁੰਦੇ ਹੋ ਤਾਂ ਵੀ ਸਾਨੂੰ ਸੂਚਿਤ ਕਰਨ ਦੀ ਖੇਚਲ ਕਰੋ ਜੀ।**

# ਕੀਰਤਨ ਕਲਾਸਾਂ

ਹੇਠ ਲਿਖੇ ਸਥਾਨਾਂ ਤੇ ਕੀਰਤਨ ਕਲਾਸਾਂ ਲਗਾਈਆਂ ਜਾਂਦੀਆਂ ਹਨ। ਚਾਹਵਾਨ ਵਿਅਕਤੀ ਸੰਪਰਕ ਕਰਕੇ ਲਾਭ ਉਠਾ ਸਕਦੇ ਹਨ

ਗੁਰਦੁਆਰਾ ਸਾਹਿਬ,
ਸੈਕਟਰ 34, ਚੰਡੀਗੜ੍ਹ

ਗੁਰੂ ਨਾਨਕ ਬਾਲ ਆਸ਼ਰਮ,
ਨੇੜ ਰਾਮਗੜ੍ਹੀਆ ਭਵਨ,
ਸੈਕਟਰ 27, ਚੰਡੀਗੜ੍ਹ

ਉਜਲ ਸਿੰਘ ਮਦਾਨ,
1470, ਸੈਕਟਰ 43-ਬੀ, ਚੰਡੀਗੜ੍ਹ

ਬੀਬੀ ਬਸੰਤ ਕੌਰ ਲਾਂਬਾ,
3116 ਸੈਕਟਰ 19-ਡੀ, ਚੰਡੀਗੜ੍ਹ

ਗੁਰਦੁਆਰਾ ਸਾਚਾ ਧੰਨ,
ਫੇਜ਼-3-ਬੀ-1, ਮੋਹਾਲੀ

ਗਿ: ਕਸ਼ਮੀਰ ਸਿੰਘ,
1612, ਫੇਜ਼-7, ਮੋਹਾਲੀ

ਭਾਈ ਸਮੁੰਦ ਸਿੰਘ ਗੁਰਮਤਿ ਸੰਗੀਤ ਅਕੈਡਮੀ,
ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ,
ਮਾਡਲ ਟਾਊਨ ਐਕਸਟੇਨਸ਼ਨ, ਲੁਧਿਆਣਾ

ਗੁਰਦੁਆਰਾ ਗੁਰ ਗਿਆਨ ਪ੍ਰਕਾਸ਼
ਜਵੱਦੀ ਕਲਾ, ਲੁਧਿਆਣਾ

ਸੰਗੀਤ ਭਾਰਤੀ,
99 ਬੀ, ਸ਼ਾਸਤਰੀ ਨਗਰ, ਲੁਧਿਆਣਾ

ਸਿੱਖ ਮਿਸ਼ਨਰੀ ਗੁਰਮਤਿ ਸੰਗੀਤ ਵਿਦਿਆਲਾ
ਐਚ-1 ਲੇਬਰ ਕਾਲੋਨੀ
ਜਮਾਲਪੁਰ, ਲੁਧਿਆਣਾ

ਪੰਜਾਬ ਸਿੰਧ ਬੈਂਕ ਕੀਤਰਨ ਅਕੈਡਮੀ,
ਗਰੀਨ ਪਾਰਕ, ਜਲੰਧਰ

ਬਾਵਰਾ ਮਿਊਜਿਕ ਕਾਲਜ,
20, ( ਗੁਰੂ ਨਾਨਕ ਨਗਰ) (ਮਾਡਲ ਟਾਊਨ), ਜਲੰਧਰ

ਫਾਈਵ ਸਟਾਰ ਸੰਗੀਤ ਸਭਾ,
276-ਆਰ ਮਾਡਲ ਟਾਊਨ, ਜਲੰਧਰ

ਸਿੱਖ ਮਿਸ਼ਨਰੀ ਕਾਲਜ (ਰਜਿ:)
ਡਬਲਯੂ,ਜੀ, 578, ਸੂਰਜ ਗੰਜ, ਜਲੰਧਰ
ਭਾਈ ਵੀਰ ਸਿੰਘ ਹਾਲ,
ਲਾਰੇ ਰੋਡ, ਅੰਮ੍ਰਿਤਸਰ

ਸੂ, ਬੂਟਾ ਸਿੰਘ ਹੰਸਪਾਲ
ਹੰਸਪਾਲ ਗੁਰਬਾਣੀ ਸੰਗੀਤ ਅਕੈਡਮੀ
232 ਈਸਟ ਮੋਹਨ ਨਗਰ, ਅੰਮ੍ਰਿਤਸਰ

ਸਚਦੇਵਾ ਸੰਗੀਤ ਅਕੈਡਮੀ,
ਗੁਰਦੁਆਰਾ ਰੋਡ ਮਲੋਟ

ਮਸਤਾਨਾ ਮਿਉਜਿਕ ਅਕੈਡਮੀ,
ਮਲੋਟ

ਗੁਰਦੁਆਰਾ ਦਸ਼ਮੇਸ਼ਗੜ੍ਹ
ਵੀਰੋਵਾਲ, ਜ਼ਿਲਾ : ਨਵਾਂ ਸਹਿਰ

ਗੁਰਮਿਤ ਸੰਗੀਤ ਅਕੈਡਮੀ,
ਨੇੜੇ ਬਸ ਅੱਡਾ, ਫਿਰੋਜਪੁਰ

ਸ੍ਰੀ ਗੁਰੂ ਹਰਗੋਬਿੰਦ ਢਾਡੀ ਅਤੇਸੰਗੀਤ ਵਿੱਦਿਆਲਾ
ਸਤਿਨਾਮਪੁਰਾ, ਛਾਬੜਾ ਹਸਪਤਾਲ ਦੇ ਪਿੱਛੇ,
ਫਗਵਾੜਾ

ਜੀ, ਐਸ, ਸਰਦਾਰ,
1,98 ਰਾਜਿੰਦਰ ਨਗਰ, ਨਵੀ ਦਿੱਲੀ

ਗੁਰਮਿਤ ਵਿੱਦਿਆਲਾ
ਗੁ: ਰਕਾਬ ਗੰਜ, ਨਵੀਂ ਦਿੱਲੀ

ਗੁਰਬਾਣੀ ਸੰਗੀਤ ਅਕੈਡਮੀ ,
69-2 ਪਰਉਪਕਾਰ ਰੋਡ, ਕੱਲਕਤਾ

ਸ,ਸ, ਕਰੀਰ
2-ਰਘਬੀਰ ਨਗਰ, ਬਚਿੱਤਰ ਮਾਰਗ
ਪਟਿਆਲਾ।

## ਸੁਰ ਲਿਪੀ

ਪ੍ਰੋ: ਪਰਮਜੋਤ ਸਿੰਘ

### ਰਾਗ ਬਸੰਤ

ਸੁਰ : ਸਾਰੇ ਸ਼ੁੱਧ। ਵਰਜਿਤ ਸੁਰ : ਆਰੋਹ ਵਿੱਚ ਰ,ਪ। ਜਾਤੀ : ਔੜਵ - ਸੰਪੂਰਣ। ਸਮਾਂ : ਬਸੰਤ ਰੁੱਤ ਵਿੱਚ ਹਰ ਸਮੇਂ

ਵਾਦੀ — ਸ ਸੰਵਾਦੀ — ਮ

ਆਰੋਹ — ਸ ਗ ਮ ਧ ਨ ਸ ਅਵਰੋਹ — ਸ ਨ ਧ ਪ ਮ ਗ ਮ ਰ ਸ

ਸੰਖੇਪ ਸੁਰ ਵਿਸਥਾਰ — ਗ ਮ ਧ ਨ ਸਂ ਸਂ ਨ ਧ ਪ ਮ — ਗ ਮ ਰ ਸ॥ ਸ ਗ ਮ ਪ ਸ ਗ ਮ ਧ ਨ ਧ ਪ ਮ ਪ ਗ ਮ ਰ ਸ॥

### ਰਾਗ ਬਸੰਤ

#### ਤਿੰਨ ਤਾਲ

| x | | | | 2 | | | | 0 | | | | 3 | | | |
|---|---|---|---|---|---|---|---|---|---|---|---|---|---|---|---|
| **ਸਥਾਈ** | | | | | | | | | | | | | | | |
| | | | | | | ਸਂ | ਨ | ਸਂ | ਰਂ | ਸਂ | ਨ | ਧ | ਮ | ਧ | ਧ |
| | | | | | | ਗ੍ਰਿ | ਹਿ | ਤਾ | S | ਕੇ | ਬ | ਸੰ | S | ਤ | ਗ |
| ਨ | ਨ | ਸਂ | ਸਂ | ਸਂ | ਸਂ | ਸਂ | ਸਂ | ਮ | ਮ | ਮ | ਮ | ਪ | ਪ | ਗ | ਗ |
| ਨੀ | S | S | S | S | S | S | S | ਜਾ | S | ਕੈ | S | ਕੀ | ਰ | ਤ | ਨ |
| ਗ | ਗ | ਮ | ਮ | ਰ | ਰ | ਸ | ਸ | ਗਂ | ਗਂ | ਰਂ | ਸਂ | ਨ | ਨ | ਧ | ਧ |
| ਹ | S | ਰਿ | ਧੁ | ਨੀਂ | S | S | S | ਕੀ | ਰ | ਤ | ਨ | ਹ | S | ਰਿ | ਧੁ |
| ਨ | ਨ | ਸਂ | ਸਂ | ਸਂ | ਸਂ | ਸਂ | ਨ | | | | | | | | |
| ਨੀ | S | S | S | S | S | ਗ੍ਰਿ | ਹਿ | | | | | | | | |
| **ਅੰਤਰਾ** | | | | | | | | | | | | | | | |
| | | | | | | | | ਮ | ਮ | ਮ | ਮ | ਧ | ਧ | ਨ | ਨ |
| | | | | | | | | ਤਿ | ਸ | ਬ | ਸੰ | S | ਤੁ | ਜਿ | ਸ |
| ਸਂ | ਸਂ | ਸਂ | ਸਂ | ਨ | ਨ | ਸਂ | ਸਂ | ਨ | ਨ | ਨ | ਨ | ਨ | ਨ | ਧ | ਧ |
| ਪ੍ਰ | ਭ | ਕਿ | ਰ | ਪਾ | S | ਲ | S | ਤਿ | ਸ | ਬ | ਸੰ | S | ਤੁ | ਜਿ | ਸ |
| ਨ | ਨ | ਧ | ਧਧ | ਪ | ਪ | ਮ | ਮ | ਮ | ਮ | ਮ | ਮ | ਪ | ਪ | ਗ | ਗ |
| ਗੁ | ਰ | S | ਦਇ | ਆ | S | ਲ | S | ਮੰ | S | ਗ | ਲ | ਤਿ | ਸ | ਕੈ | S |
| ਗ | ਗ | ਮ | ਮ | ਰ | ਰ | ਸ | ਸ | ਗਂ | ਗਂ | ਰਂ | ਸ | ਨ | ਨ | ਧ | ਧ |
| ਜਿ | ਸ | ਏ | ਕ | ਕਾ | S | ਮ | S | ਤਿ | ਸ | ਬ | ਸੰ | S | ਤ | ਜਿ | ਸ |
| ਨ | ਨ | ਸਂ | ਸਂ | ਸਂ | ਸਂ | ਸਂ | ਨ | | | | | | | | |
| ਰਿ | ਦੈ | S | ਨਾ | S | ਮ | ਗ੍ਰਿ | ਹਿ | | | | | | | | |

## ਰਾਗੁ ਬਸੰਤੁ (ਪੁਰਾਤਨਿ) ਥਾਟ-ਬਿਲਾਵਲ

ਹਰਿਭਜਨ ਸਿੰਘ

ਤਾਲ- ਝਪ

| X | | 2 | | | 0 | | 3 | | | X | | 2 | | | 0 | | 3 | | |
|---|---|---|---|---|---|---|---|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 | 1 | 2 | 3 | 4 | 5 | 6 | 7 | 8 | 9 | 10 |
| ਅਸਥਾਈ | | | | | | | | | | | | | | | | | | | |
| ਨ਼ | ਸ | ਧ਼ | ਨ਼ | ਸ | ਪ | - | ਗ | - | ਗ | ਗ | ਮ | ਧ | - | ਮ | ਮ | ਧ | ਮਧ | ਨਸਂ | ਸਂ |
| ਕ | ਤ | ਜਾ | ਈ | ਐ | ਰੇ | s | ਘ | s | ਰਿ | ਲਾ | s | ਗੋ | s | s | ਰੰ | ਗੁ | ਮੇ | s | ਰਾ |
| ਸਂ | ਸਂ | ਸਂ | - | ਰਂ | ਸਂ | ਨ | ਧ | - | ਧ | ਗ | ਗ | ਮ | - | ਪ | ਗ | ਮ | ਰ | ਸ | ਸ |
| ਚਿ | ਤ | ਨ | s | ਚ | ਲੈ | s | ਮ | s | ਨੁ | ਭ | ਇ | ਓ | s | s | ਪੰ | s | ਗੁ | s | s |
| ਅੰਤਰਾ | | | | | | | | | | | | | | | | | | | |
| ਸਂ | ਨ | ਧ | - | ਮ | ਧ | ਨ | ਸਂ | - | ਸਂ | ਸ | ਨ | ਧ | - | ਮ | ਧ | ਨ | ਸਂ | - | ਸਂ |
| ਏ | s | ਕ | s | ਦਿ | ਵ | ਸ | ਮ | s | ਨਿ | ਭ | s | ਈ | s | ਉ | ਮੰ | s | ਗ | s | ਘਸਿ |
| ਗਂ | - | ਗਂ | - | ਮਂ | ਰਂ | ਗਂ | ਸਂ | - | ਸਂ | ਗਂ | ਰਂ | ਨ | ਸਂ | ਧ | ਨ | - | ਸਂ | - | ਸਂ |
| ਚੰ | s | ਦ | s | ਨ | ਚੋ | s | ਆ | s | s | ਬ | s | ਹੁ | s | ਸੁ | ਗੰ | s | ਧ | s | s |
| ਸਂ | ਨ | ਧ | - | ਮ | ਧ | ਨ | ਸਂ | - | ਸਂ | ਗਂ | - | ਗਂ | - | ਮਂ | ਰਂ | ਗਂ | ਸਂ | - | ਸਂ |
| ਪੂ | s | ਜ | s | ਨ | ਚਾ | s | ਲੀ | s | s | ਬ੍ਰ | ਹ | ਮ | s | s | ਠਾ | s | ਇ | s | ਸੋ |
| ਨ | - | ਨ | - | ਸਂ | ਨ | - | ਧ | - | ਧ | ਮ | ਮ | ਪ | - | ਮ | ਮ | ਪ | ਰ | ਸ | ਸ |
| ਬ੍ਰ | ਹ | ਮੁ | | ਬ | ਤਾ | ਇ | ਓ | s | ਗੁਰੁ | ਮ | ਨ | ਹੀ | s | s | ਮਾ | s | ਹਿ | s | s |

## ਨੋਟੇਸ਼ਨ ਵਾਲੇ ਸ਼ਬਦਾਂ ਦੇ ਅਰਥ

| | | |
|---|---|---|
| ਰਾਮਾ ਨੰਦ ਜੀ॥ ਘਰ ੧ | Sire Rama Nand. | ਮਹਾਰਾਜ ਰਾਮਾਨੰਦ ਜੀ। |
| ੧ਓੰ ਸਤਿਗੁਰ ਪ੍ਰਸਾਦਿ॥ | There is but One God. By the True Guru's grace, He is obtained. | ਵਾਹਿਗੁਰੂ ਕੇਵਲ ਇਕ ਹੈ।ਸਚੇ ਗੁਰਾਂ ਦੀ ਦਇਆ ਦੁਆਰਾ, ਉਹ ਪਾਇਆ ਜਾਂਦਾ ਹੈ। |
| ਕਤ ਜਾਈਐ ਰੇ ਘਰ ਲਾਗੋ ਰੰਗ॥ | O[16] whither should I go. There is bliss in my very home. | ਓ ਮੈਂ ਕਿੱਥੇ ਜਾਵਾਂ! ਮੇਰੇ ਆਪਣੇ ਧਾਮ ਅੰਦਰ ਹੀ ਖੁਸ਼ੀ ਹੈ। |
| ਮੇਰਾ ਚਿਤੁ ਨ ਚਲੈ ਮਨੁ ਭਇਓ ਪੰਗੁ ॥੧॥ ਰਹਾਉ॥ | My mind now wanders not. This mind has become a cripple Pause. | ਮੇਰਾ ਮਨ ਹੁਣ ਭਟਕਦਾ ਨਹੀਂ। ਇਹ ਮਨੂਆ ਪਿੰਗਲਾ ਹੋ ਗਿਆ ਹੈ। ਠਹਿਰਾਉ। |
| ਏਕ ਦਿਵਸ ਮਨ ਭਈ ਉਮੰਗ॥ | One day in my mind welled up a desire | ਇਕ ਦਿਨ ਮੇਰੇ ਚਿਤ ਅੰਦਰ ਖ਼ਾਹਿਸ਼ ਉਤਪੰਨ ਹੋਈ। |

| | | |
|---|---|---|
| ਘਸਿ ਚੰਦਨ ਚੋਆ ਬਹੁ ਸੁਗੰਧ॥ | I ground sandal-wood and took distilled aloe-wood and many perfumes. | ਮੈਂ ਚੰਨਣ ਦੀ ਲਕੜੀ ਰਗੜੀ ਅਤੇ ਅਗਰ ਦੀ ਲਕੜ ਦਾ ਅਤਰ ਤੇ ਬਹੁਤ ਸਾਰੀਆਂ ਖੁਸ਼ਬੂਆਂ ਲਈਆਂ। |
| ਪੂਜਨ ਚਾਲੀ ਬ੍ਰਹਮ ਠਾਇ॥ | I proceeded to theLord's (temple) or (place) to worship Him. | ਮੈਂ ਪ੍ਰਭੂ ਦੇ (ਮੰਦਰ) ਜਾਂ (ਅਸਥਾਨ) ਨੂੰ ਉਸ ਦੀ ਉਪਾਸ਼ਨਾ ਕਰਨ ਨੂੰ ਤੁਰ ਪਿਆ। |
| ਸੋ ਬ੍ਰਹਮ ਬਤਾਇਓ ਗੁਰ ਮਨ ਹੀ ਮਾਹਿ॥੧॥ | That Lord, the Guru showed me within my mind. | ਉਹ ਪ੍ਰਭੂ, ਗੁਰਾਂ ਨੇ ਮੈਨੂੰ ਚਿਤ ਅੰਦਰ ਹੀ ਵਿਖਾਲ ਦਿੱਤਾ। |
| ਜਹਾ ਜਾਈਐ ਤਹ ਜਲ ਪਖਾਨ॥ | Wherever I go, I find water and stones there. | ਜਿਥੇ ਕਿਤੇ ਮੈਂ ਜਾਂਦਾ ਹਾਂ, ਉਥੇ ਮੈਂ ਪਾਣੀ ਤੇ ਪੱਥਰ ਹੀ ਪਾਉਂਦਾ ਹਾਂ। |
| ਤੂ ਪੂਰਿ ਰਹਿਓ ਹੈ ਸਭ ਸਮਾਨ॥ | Thou, O Lord, art equally contained in everything. | ਤੂੰ, ਹੇ ਸੁਆਮੀ ! ਸਾਰੀਆਂ ਵਸਤੂਆਂ ਅੰਦਰ ਇਕਸਾਰ ਰਮਿਆ ਹੋਇਆ ਹੈਂ। |
| ਬੇਦ ਪੁਰਾਨ ਸਭ ਦੇਖੇ ਜੋਇ॥ | The Vedas and Puraana all I have seen and searched. | ਵੇਦ ਤੇ ਪੁਰਾਨ ਮੈਂ ਸਾਰੇ ਵੇਖੇ ਅਤੇ ਖੋਜੇ ਹਨ। |
| ਊਹਾਂ ਤਉ ਜਾਈਐ ਜਉ ਈਹਾਂ ਨ ਹੋਇ ॥੨॥ | I may go there only then if the Lord be not here. | ਮੈਂ ਓਥੇ ਕੇਵਲ ਤਦ ਹੀ ਜਾਵਾਂ, ਜੇਕਰ ਪ੍ਰਭ ਏਥੇ ਨਾ ਹੋਵੇ। |
| ਸਤਿਗੁਰ ਮੈ ਬਲਿਹਾਰੀ ਤੋਰ॥ | My True Guru, a sacrifice am I unto thee. | ਮੇਰੇ ਸਚੇ ਗੁਰਦੇਵ ਜੀ, ਕੁਰਬਾਨ ਹਾਂ ਮੈਂ ਤੁਹਾਡੇ ਉਤੋਂ। |
| ਜਿਨਿ ਸਕਲ ਬਿਕਲ ਭ੍ਰਮ ਕਾਟੇ ਮੋਰ॥ | Who has cut away all my perplexities and doubts. | ਜਿਨ੍ਹਾਂ ਨੇ ਮੇਰੇ ਸਾਰੇ ਵਿਆਕੁਲਪਣੇ ਅਤੇ ਸੰਦੇਹ ਕੱਟ ਛਡੇ ਹਨ। |
| ਰਾਮਾ ਨੰਦ ਸੁਆਮੀ ਰਮਤ ਬ੍ਰਹਮ॥ | Rama Nand's Master is the allpervading Lord. | ਰਾਮਾਨੰਦ ਦਾ ਮਾਲਕ ਸਰਬ-ਵਿਆਪਕ ਪ੍ਰਭੂ ਹੈ। |
| ਗੁਰ ਕਾ ਸਬਦੁ ਕਾਟੈ ਕੋਟਿ ਕਰਮ ॥੩॥੧॥ | The Guru's word, destroys millions of misdeeds. | ਗੁਰਾਂ ਦੀ ਬਾਣੀ, ਕ੍ਰੋੜਾਂ ਹੀ ਮੰਦੇ ਅਮਲਾਂ ਨੂੰ ਨਸ਼ਟ ਕਰ ਦਿੰਦੀ ਹੈ। |
| ਬਸੰਤ ਮਹਲਾ ੫ | Basant 5th Guru | ਬਸੰਤ ਪੰਜਵੀ ਪਾਤਿਸ਼ਾਹੀ। |
| ਤਿਸੁ ਬਸੰਤੁ ਜਿਸੁ ਪ੍ਰਭੁ ਕ੍ਰਿਪਾਲ॥ | Its alone is in Bliss, on whom the Lord is merciful | ਕੇਵਲ ਉਹ ਹੀ ਖੁਸ਼ੀ ਵਿਚ ਹੈ, ਜਿਸ ਤੇ ਸਾਂਈ ਮਿਹਰਬਾਨ ਹੈ। |
| ਤਿਸੁ ਬਸੰਤ ਜਿਸੁ ਗੁਰੁ ਦਇਆਲ॥ | He alone is in spring, to whom the Guru is kind. | ਕੇਵਲ ਉਹ ਹੀ ਬਹਾਰ ਅੰਦਰ ਹੈ, ਜਿਸ ਤੇ ਗੁਰਦੇਵ ਮਇਆਵਾਨ ਹਨ। |
| ਮੰਗਲੁ ਤਿਸ ਕੈ ਜਿਸੁ ਏਕੁ ਕਾਮੁ ॥ | He alone is in joy, who is dedicated to the sole service of his Lord. | ਹੁਲਾਸ ਕੇਵਲ ਉਸ ਅੰਦਰ ਹੈ, ਜੋ ਆਪਣੇ ਸੁਆਮੀ ਦੀ ਇਕ ਸੇਵਾ ਦੇ ਹੀ ਸਮਰਪਨ ਹੋਇਆ ਹੋਇਆ ਹੈ। |
| ਤਿਸੁ ਸਦ ਬਸੰਤੁ ਜਿਸੁ | For him there is ever the | ਉਸ ਲਈ ਹਮੇਸ਼ਾ ਹੀ ਬਹਾਰ ਦੀ |

| | | |
|---|---|---|
| ਰਿਦੈ ਨਾਮੁ ॥੧॥ | spring season, within whose mind the Name abides. | ਰੁਤ ਹੈ, ਜਿਸ ਦੇ ਹਿਰਦੇ ਅੰਦਰ ਨਾਮ ਵਸਦਾ ਹੈ। |
| ਗ੍ਰਿਹਿ ਤਾਕੇ ਬਸੰਤੁ ਗਨੀ ॥ | In his home alone is accounted the spring. | ਕੇਵਲ ਉਸ ਦੇ ਘਰ ਅੰਦਰ ਹੀ ਬਹਾਰ ਗਿਣੀ ਜਾਂਦੀ ਹੈ। |
| ਜਾ ਕੈ ਕੀਰਤਨੁ ਹਰਿ ਧੁਨੀ ॥੧॥ ਰਹਾਉ | Within whose mind resounds the melody of the Lord praise. Pause. | ਜਿਸ ਦੇ ਮਨ ਵਿਚ ਪ੍ਰਭੂ ਦੇ ਜੱਸ ਦਾ ਰਾਗ ਗੂੰਜਦਾ ਹੈ। ਠਹਿਰਾਉ। |
| ਪ੍ਰੀਤਿ ਪਾਰਬ੍ਰਹਮ ਮਉਲਿ ਮਨਾ॥ | O my soul, flower thou in the love of thy Transcendent Lord. | ਹੇ ਮੇਰੀ ਜਿੰਦੜੀਏ ! ਤੂੰ ਆਪਣੇ ਪਰਮ ਪ੍ਰਭੂ ਦੀ ਪਿਰਹੜੀ ਅੰਦਰ ਪ੍ਰਫੁਲਤ ਹੋ। |
| ਗਿਆਨੁ ਕਮਾਈਐ ਪੂਛਿ ਜਨਾਂ॥ | Consulting the Lord's slaves ,practise thou the divine knowledge. | ਸਾਹਿਬ ਦੇ ਗੋਲਿਆਂ ਦੀ ਸਲਾਹ ਲੈ ਕੇ, ਤੂੰ ਬ੍ਰਹਮ ਗਿਆਤ ਦੀ ਕਮਾਈ ਕਰ। |
| ਸੋ ਤਪਸੀ ਜਿਸੁ ਸਾਧ ਸੰਗੁ॥ | He alone is the penitent who associates with the saints. | ਕੇਵਲ ਉਹ ਹੀ ਤਪਸ਼ੀਰ ਹੈ ਜੋ ਸੰਤਾਂ ਦੀ ਸੰਗਤ ਕਰਦਾ ਹੈ। |
| ਸਦ ਧਿਆਨੀ ਜਿਸੁ ਗੁਰਹਿ ਰੰਗੁ ॥੨॥ | He is ever the knower of, God who loves his Guru. | ਉਹ ਸਦੀਵ ਹੀ ਬ੍ਰਹਮ ਬੇਤਾ ਹੈ ਜੋ ਆਪਣੇ ਗੁਰਾਂ ਨੂੰ ਪਿਆਰ ਕਰਦਾ ਹੈ। |
| ਸੇ ਨਿਰਭਉ ਜਿਨ ਭਉ ਪਇਆ ॥ | He alone is fear-free, who fears his Lord. | ਕੇਵਲ ਉਹ ਹੀ ਡਰ-ਰਹਿਤ ਹੈ, ਜੋ ਆਪਣੇ ਪ੍ਰਭੂ ਤੋਂ ਡਰਦਾ ਹੈ। |
| ਸੋ ਸੁਖੀਆ ਜਿਸੁ ਭ੍ਰਮੁ ਗਇਆ॥ | He alone is comfortable whose doubt is dispelled. | ਕੇਵਲ ਉਹ ਹੀ ਸੁਖੀ ਹੈ, ਜਿਸ ਦਾ ਵਹਿਮ ਦੂਰ ਹੋ ਗਿਆ ਹੈ। |
| ਸੋ ਇਕਾਂਤੀ ਜਿਸੁ ਰਿਦਾ ਥਾਇ ॥ | He alone is the solitarian, whose mind is stable. | ਕੇਵਲ ਉਹ ਹੀ ਗੋਸ਼ਾ-ਨਸ਼ੀਨ ਹੈ, ਜਿਸ ਦਾ ਮਨ ਅਸਥਿਰ ਹੈ। |
| ਸੋਈ ਨਿਹਚਲੁ ਸਾਚ ਠਾਇ ॥੩॥ | He alone is moveless who has obtained the True place. | ਕੇਵਲ ਉਹ ਹੀ ਅਹਿੱਲਾ ਹੈ, ਜਿਸ ਨੂੰ ਸਚਾ ਟਿਕਾਣਾ ਪਰਾਪਤ ਹੋ ਗਿਆ ਹੈ। |
| ਏਕਾ ਖੋਜੈ ਏਕ ਪ੍ਰੀਤਿ॥ | Whosoever searches and loves the One alone; | ਜੋ ਕੋਈ ਕੇਵਲ ਇਕ ਨੂੰ ਹੀ ਲਭਦਾ ਤੇ ਪਿਆਰ ਕਰਦਾ ਹੈ। |
| ਦਰਸਨ ਪਰਸਨ ਹੀਤ ਚੀਤਿ ॥ ਹਰਿ ਰੰਗ ਰੰਗਾ ਸਹਜਿ ਮਾਣੁ॥ | Whosoever heartily loves to seethe Lord's vision and whosoever ofall loves, spontaneously enjoyshis God's love; | ਜੋ ਕੋਈ ਸਾਂਈ ਦੇ ਦੀਦਾਰ ਦੇਖਣ ਨੂੰ ਦਿਲੋਂ ਪਿਆਰ ਕਰਦਾ ਹੈ ਅਤੇ ਜੋ ਕੋਈ ਭੀ ਸਾਰੀਆਂ ਮੁਹੱਬਤਾਂ ਵਿਚੋਂ ਆਪਣੇ ਵਾਹਿਗੁਰੂ ਦੀ ਮੁਹਬਤ ਦਾ ਸੁਤੇ ਸਿਧ ਹੀ ਅਨੰਦ ਲੈਂਦਾ ਹੈ |
| ਨਾਨਕ ਦਾਸ ਤਿਸੁ ਜਨ ਕੁਰਬਾਣੁ ॥੪॥ | Slave Nanak is a sacrifice unto that person. | ਗੋਲਾ ਨਾਨਕ, ਉਸ ਪੁਰਸ਼ ਉਤੋਂ ਬਲਿਹਾਰਨੇ ਵੰਞਦਾ ਹੈ। |

# ਅੰਮ੍ਰਿਤ ਕੀਰਤਨ ਲਈ ਪ੍ਰਾਪਤ ਹੋਈ ਮਾਇਕ ਸਹਾਇਤਾ

ਸ੍. ਵਰਿਆਮ ਸਿੰਘ, ਆਸਟ੍ਰੇਲੀਆ 1000 ਰੁ./ ਸ੍. ਰਾਜਿੰਦਰ ਸਿੰਘ ਖੋਖਰ, ਮਨੀਮਾਜਰਾ 100 ਰੁ./ ਵਿੰਗ ਕਮਾਂਡਰ ਡੀ. ਐਸ. ਅਹਲੂਵਾਲੀਆ, ਚੰਡੀਗੜ੍ਹ 100 ਰੁ./ ਸ੍. ਵਿਕਰਮਜੀਤ ਸਿੰਘ, ਮਨੀਮਾਜਰਾ 100 ਰੁ./ ਸ੍. ਅਜੀਤ ਸਿੰਘ, ਚੰਡੀਗੜ੍ਹ 100 ਰੁ./ ਮਿਸਜ਼ ਡੀ. ਕੇ. ਸੰਧੂ, ਚੰਡੀਗੜ੍ਹ 100 ਰੁ./ ਸ੍. ਗੁਰਜੰਟ ਸਿੰਘ, ਸੰਗਰੂਰ 100 ਰੁ./ ਪ੍ਰਿੰਸੀਪਲ ਗੁਰਮਤ ਕਾਲਜ, ਪਟਿਆਲਾ 100 ਰੁ./ ਭਾਈ ਹੀਰਾ ਸਿੰਘ ਮੈਮੋਰੀਅਲ ਟ੍ਰਸਟ, ਚੰਡੀਗੜ੍ਹ 400 ਰੁ./ ਅਹੂਜਾ ਪਰਿਵਾਰ, ਨਵੀਂ ਦਿੱਲੀ 5000 ਰੁ.
ਸ੍. ਹਰਭਜਨ ਸਿੰਘ, ਮਨੀਮਾਜਰਾ 100 ਰੁ./ ਡਾ. ਮਿਸ. ਮਨਵਿੰਦਰ ਕੌਰ, ਲੁਧਿਆਣਾ 100 ਰੁ./ ਸੇਵਕ ਚੈਰੀਟੇਬਲ ਟ੍ਰਸਟ, ਚੰਡੀਗੜ੍ਹ 200 ਰੁ./ ਗਿ: ਗੁਰਬਚਨ ਸਿੰਘ, ਚੰਡੀਗੜ੍ਹ 500 ਰੁ./ ਸ੍. ਬਲਵਿੰਦਰ ਸਿੰਘ ਅਨੇਜਾ, ਮੁੰਬਈ 100 ਰੁ./
ਸ੍. ਹਰਚੰਦ ਸਿੰਘ ਸਰਹੰਦ 100 ਰੁ./ ਸ੍. ਜੈ ਦੇਵ ਸਿੰਘ, ਚੰਡੀਗੜ੍ਹ 100 ਰੁ./ ਸ੍. ਪ੍ਰੀਤਮ ਸਿੰਘ ਸੋਢੀ, ਚੰਡੀਗੜ੍ਹ 100 ਰੁ.
ਸ੍. ਹਰਬਿੰਦਰ ਸਿੰਘ, ਚੰਡੀਗੜ੍ਹ 100 ਰੁ./ ਡਾ. ਜੇ. ਐਸ. ਗੁਜਰਾਲ ਚੰਡੀਗੜ੍ਹ 1000 ਰੁ./ ਨਾਇਬ ਸੂਬੇਦਾਰ ਤਰਸੇਮ ਸਿੰਘ 100 ਰੁ/. ਸ੍. ਹਰਦਿਆਲ ਸਿੰਘ, ਰਿਸ਼ੀਕੇਸ਼ 100 ਰੁ./ ਮਿਸਜ਼ ਗੁਰਬਚਨ ਕੌਰ, ਚੰਡੀਗੜ੍ਹ 100 ਰੁ./ ਸ੍. ਕਰਨੈਲ ਸਿੰਘ ਹੀਰ, ਮੋਰਾਂਵਾਲੀ 100 ਰੁ./ ਮਾਸਟਰ ਹਰਜਿੰਦਰ ਸਿੰਘ ਚਾਹਲ, ਮਾਹਿਲਪੁਰ 100 ਰੁ./ ਡਾ. ਹਾਕਮ ਸਿੰਘ ਅਮਰੀਕਾ 1000 ਰੁ., ਐਸ. ਐਸ. ਸਚਦੇਵਾ, ਮਲੋਟ 60 ਰੁ.

Donations made to Amrit Kirtan Trust are eligible for exemption Under Section 80G of the Income Tax Act, 1961, upto 31.3.99, Vide Order No. CIT/PRO/PTA/80G/97-98 dated 3/7-7-1997 issued by the CIT Patiala

## ਗੁਰਮੁਖ ਢੂੰਢ ਢੂੰਢੇਦਿਆਂ
## (Matrimonial)

BOX 002
SUITABLE SIKH SLIM BEAUTIFUL MATCH FOR KHATRI SIKH NON-TRIMMER, NON-DRINKER, HANDSOME DOCTOR (DHMS,PB.) RUNNING OWN HOMEO CLINIC, AT MOHALI, (25) Height 5'8" FATHER RETIRED M.D. Co-op BANK. CONTACT. BOX 002 AMRIT KIRTAN TRUST (Regd), 422, SECTOR 15-A, CHANDIGARH

BOX 003
SUNITABLE SIKH, NON-TRIMMER, NON-DRINKER, HANDSOME WELL SETTLED GRADUATE MATCH FOR A SLIM, KHATRI, RADIO ARTIST, M.A. (MUSIC)-VOCAL, B. Ed, GIRL HEIGHT 5'3" CONTACT BOX 003, AMRIT KIRTAN TRUST (Regd.), 422, SECTOR 15-A, CHANDIGARH.

BOX 004
SUITABLE SIKH NON-TRIMMER, NON-DRINKER, HANDSOME SERVING WELL SETTLED GRADUATE FOR A SLIM BATRA MIDDLE-CLASS, BSc. (NURSING) GIRL, SERVING PGI, (23.5) HEIGHT 5'3" CONTACT BOX 004 AMRIT KIRTAN TRUST (Regd.), 422, SECTOR 15-A, CHANDIGARH.

BOX 005
SUITABLE SIKH MATCH FOR AMRIT DHARI, VEGETARIAN, M.A.( Eco. ) BOY OF (29), HEIGHT 5'9", HAVING OWN TAILORING BUSINESS AT SECTOR-17, CHANDIGARH. CONTACT BOX 005 AMRIT KIRTAN TRUST (Regd), 422, SECTOR 15-A, CHANDIGARH - 160015

BOX 006
SUITABLE SIKH MATCH FOR MAIR (RAJPUT) B.A, B.Ed., GIRL (24) HEIGHT 5'3", HOBBIES, COOKING, PAINTING, INTERIOR DECORATION, ETC. FATHER HAILING FROM RAWALPINDI, NOW SETTLED MOHALI. OWN TAILORING BUSINESS AT SECTOR 17, CHANDIGARH. CONTACT BOX 006 AMRIT KIRTAN TRUST (Regd.), 422, SECTOR 15-A CHANDIGARH - 160015


**THE SIKH REVIEW**
(A Monthly Magazine)

116 Karnani Mansion
25-A, Park Street, Calcutta - 70016

ਫਲਗੁਣਿ ਅਨੰਦ ਉਪਾਰਜਨਾ ਹਰਿ ਸਜਣ ਪ੍ਰਗਟੇ ਆਇ॥ ਸੰਤ ਸਹਾਈ ਰਾਮ ਕੇ ਕਰਿ ਕਿਰਪਾ ਦੀਆ ਮਿਲਾਇ॥ ਸੇਜ ਸੁਹਾਵੀ ਸਰਬ ਸੁਖ ਹੁਣਿ ਦੁਖਾ ਨਾਹੀ ਜਾਇ॥ ਇਛ ਪੁਨੀ ਵਡਭਾਗਣੀ ਵਰੁ ਪਾਇਆ ਹਰਿ ਰਾਇ॥ ਮਿਲਿ ਸਹੀਆ ਮੰਗਲੁ ਗਾਵਹੀ ਗੀਤ ਗੋਵਿੰਦ ਅਲਾਇ॥ ਹਰਿ ਜੇਹਾ ਅਵਰੁ ਨ ਦਿਸਈ ਕੋਈ ਦੂਜਾ ਲਵੈ ਨ ਲਾਇ॥ ਹਲਤੁ ਪਲਤੁ ਸਵਾਰਿਓਨੁ ਨਿਹਚਲ ਦਿਤੀਅਨੁ ਜਾਇ॥ ਸੰਸਾਰ ਸਾਗਰ ਤੇ ਰਖਿਅਨੁ ਬਹੁੜਿ ਨ ਜਨਮੈ ਧਾਇ॥ ਜਿਹਵਾ ਏਕ ਅਨੇਕ ਗੁਣ ਤਰੇ ਨਾਨਕ ਚਰਣੀ ਪਾਇ॥ ਫਲਗੁਣਿ ਨਿਤ ਸਲਾਹੀਐ ਜਿਸ ਨੋ ਤਮਾਇ ॥੧੩॥

### ਗੁਰਪਰਬ

| | |
|---|---|
| ਅਵਤਾਰ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ | 9 |

### ਛੁੱਟੀਆਂ ਦੇ ਦਿਨ ਤਿਉਹਾਰ

| | |
|---|---|
| ਮੇਲਾ ਬਸੰਤ ਪੰਚਮੀ | 1 |
| ਜਨਮ ਦਿਨ ਭਗਤ ਰਵਿਦਾਸ ਜੀ | 11 |
| ਸ੍ਰੀ ਮਹਾਂਸ਼ਿਵਰਾਤ੍ਰੀ | 25 |


**THE SIKH COURIER**

International
A journal of the Sikh Cultural Society of Great Britain 88 Mollison Way, Edgware Middlesex (Greator London) U.K.


## ਫਰਵਰੀ/ਫੱਗਣ 1998

| | | | | | |
|---|---|---|---|---|---|
| ਸੰਮਤ ਬਿਕ੍ਰਮੀ | 2054 | | ਪੰਚਮੀ | 1 | ਫਰਵਰੀ |
| ਸੰਮਤ ਨਾਨਕਸ਼ਾਹੀ | 529 | | ਪੂਰਨਮਾਸ਼ੀ | 11 | ਫਰਵਰੀ |
| ਸੰਮਤ ਖਾਲਸਾ | 299 | | ਸੰਗ੍ਰਾਂਦ | 12 | ਫਰਵਰੀ |
| ਸੰਮਤ ਸਾਕਾ | 1919 | | ਮੱਸਿਆ | 26 | ਫਰਵਰੀ |

| | | | | |
|---|---|---|---|---|
| ਐਤ SUN | 1<br>19 ਮਾਘ<br>ਮਾ. ਸੁ. ਪੰਚਮੀ | 8<br>26 ਮਾਘ<br>ਮਾਘ ਸੁਦੀ 12 | 15<br>4 ਫਗਣ<br>ਫਗਣ ਵਦੀ 4 | 22<br>11 ਫਗਣ<br>ਫਗਣ ਵਦੀ 10 |
| ਸੋਮ MON | 2<br>20 ਮਾਘ<br>ਮਾਘ ਸੁਦੀ 6 | 9<br>27 ਮਾਘ<br>ਮਾਘ ਸੁਦੀ 13 | 16<br>5 ਫਗਣ<br>ਫਗਣ ਵਦੀ 5 | 23<br>12 ਫਗਣ<br>ਫਗਣ ਵਦੀ 11 |
| ਮੰਗਲ TUE | 3<br>21 ਮਾਘ<br>ਮਾਘ ਸੁਦੀ 7 | 10<br>28 ਮਾਘ<br>ਮਾਘ ਸੁਦੀ 14 | 17<br>6 ਫਗਣ<br>ਫਗਣ ਵਦੀ 6 | 24<br>13 ਫਗਣ<br>ਫ. ਵਦੀ 12-13 |
| ਬੁਧ WED | 4<br>22 ਮਾਘ<br>ਮਾਘ ਸੁਦੀ 8 | 11<br>29 ਮਾਘ<br>ਮਾ. ਸੁ. ਪੂਰਨ. | 18<br>7 ਫਗਣ<br>ਫਗਣ ਵਦੀ 7 | 25<br>14 ਫਗਣ<br>ਫਗਣ ਵਦੀ 14 |
| ਵੀਰ THU | 5<br>23 ਮਾਘ<br>ਮਾਘ ਸੁਦੀ 9 | 12<br>1 ਫਗਣ<br>ਫਗਣ ਵਦੀ 1 | 19<br>8 ਫਗਣ<br>ਫਗਣ ਵਦੀ 7 | 26<br>15 ਫਗਣ<br>ਫ. ਵ. ਮੱਸਿਆ |
| ਸ਼ੁਕਰ FRI | 6<br>24 ਮਾਘ<br>ਮਾਘ ਸੁਦੀ 10 | 13<br>2 ਫਗਣ<br>ਫਗਣ ਵਦੀ 2 | 20<br>9 ਫਗਣ<br>ਫਗਣ ਵਦੀ 8 | 27<br>16 ਫਗਣ<br>ਫਗਣ ਵਦੀ 1 |
| ਸ਼ਨੀ SAT | 7<br>25 ਮਾਘ<br>ਮਾਘ ਸੁਦੀ 11 | 14<br>3 ਫਗਣ<br>ਫਗਣ ਵਦੀ 3 | 21<br>10 ਫਗਣ<br>ਫਗਣ ਵਦੀ 9 | 28<br>17 ਫਗਣ<br>ਫਗਣ ਸੁਦੀ 2 |


**ਸਾਡਾ ਵਿਰਸਾ ਸਾਡਾ ਗੌਰਵ**

(ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦਾ ਮਾਸਿਕ ਪੱਤਰ)
ਪਤਾ:- ਮਾਡਲ ਟਾਊਨ ਐਕਸਟੈਨਸ਼ਨ, ਲੁਧਿਆਣਾ-141002


ਅਰਥ:- (ਸਿਆਲੀ ਰੁੱਤ ਦੀ ਕਰੜੀ ਸਰਦੀ ਪਿਛੋਂ ਬਹਾਰ ਫਿਰਨ ਤੇ ਫੱਗਣ ਦੇ ਮਹੀਨੇ ਵਿਚ ਲੋਕ ਹੋਲੀਆਂ ਦੇ ਰੰਗ-ਤਮਾਸ਼ਿਆਂ ਰਾਹੀਂ ਖੁਸ਼ੀਆਂ ਮਨਾਂਦੇ ਹਨ, ਪਰ) ਫੱਗਣ ਵਿਚ (ਉਹਨਾਂ ਜੀਵ ਇਸਤ੍ਰੀਆਂ ਦੇ ਅੰਦਰ) ਆਤਮਕ ਆਨੰਦ ਪੈਦਾ ਹੁੰਦਾ ਹੈ, ਜਿਨ੍ਹਾਂ ਦੇ ਹਿਰਦੇ ਵਿਚ ਸੱਜਣ-ਹਰੀ ਪਰਤੱਖ ਆ ਵਸੱਦਾ ਹੈ, ਪਰਮਾਤਮਾ ਨਾਲ ਮਿਲਣ ਵਿਚ ਸਹਾਇਤਾ ਕਰਨ ਵਾਲੇ ਸੰਤ ਜਨ ਮਿਹਰ ਕਰ ਕੇ ਉਹਨਾਂ ਨੂੰ ਪ੍ਰਭੂ ਨਾਲ ਜੋੜ ਦੇਂਦੇ ਹਨ, ਉਹਨਾਂ ਦੀ ਹਿਰਦਾ-ਸੇਜ ਸੁੰਦਰ ਬਣ ਜਾਂਦੀ ਹੈ, ਉਹਨਾਂ ਨੂੰ ਸਾਰੇ ਹੀ ਸੁਖ ਪ੍ਰਾਪਤ ਹੋ ਜਾਂਦੇ ਹਨ। ਫਿਰ ਦੁੱਖਾਂ ਲਈ (ਉਹਨਾਂ ਦੇ ਹਿਰਦੇ ਵਿਚ) ਕਿਤੇ ਰਤਾ ਥਾਂ ਨਹੀਂ ਰਹਿ ਜਾਂਦੀ। ਉਹਨਾਂ ਵਡ-ਭਾਗਣ ਜੀਵ-ਇਸਤ੍ਰੀਆਂ ਦੀ ਮਨੋ-ਕਾਮਨਾ ਪੂਰੀ ਹੋ ਜਾਂਦੀ ਹੈ, ਉਹਨਾਂ ਨੂੰ ਹਰੀ-ਪ੍ਰਭੂ ਖਸਮ ਮਿਲ ਪੈਂਦਾ ਹੈ, ਉਹ ਸਤ-ਸੰਗੀ ਸਹੇਲੀਆਂ ਨਾਲ ਰਲ ਕੇ ਗੋਵਿੰਦ ਦੀ ਸਿਫ਼ਤਿ-ਸਾਲਾਹ ਦੇ ਗੀਤ ਅਲਾਪ ਕੇ ਆਤਮਕ ਆਨੰਦ ਪੈਦਾ ਕਰਨ ਵਾਲੀ ਗੁਰਬਾਣੀ ਗਾਂਦੀਆਂ ਹਨ। ਪਰਮਾਤਮਾ ਵਰਗਾ ਕੋਈ ਹੋਰ, ਉਸ ਦੀ ਬਰਾਬਰੀ ਕਰ ਸਕਣ ਵਾਲਾ ਕੋਈ ਦੂਜਾ ਉਹਨਾਂ ਨੂੰ ਕਿਤੇ ਦਿੱਸਦਾ ਹੀ ਨਹੀਂ।

ਉਸ ਪਰਮਾਤਮਾ ਨੇ (ਉਹਨਾਂ ਸਤ-ਸੰਗੀਆਂ ਦਾ) ਲੋਕ ਪਰਲੋਕ ਸਵਾਰ ਦਿੱਤਾ ਹੈ, ਉਹਨਾਂ ਨੂੰ ਆਪਣੇ ਚਰਨਾਂ ਵਿਚ ਲਿਵ-ਲੀਨਤਾ ਵਾਲੀ ਥਾਂ ਬਖ਼ਸ਼ੀ ਹੈ ਜੋ ਕਦੇ ਡੋਲਦੀ ਹੀ ਨਹੀਂ। ਪ੍ਰਭੂ ਨੇ ਸੰਸਾਰ ਸਮੁੰਦਰ ਤੋਂ ਉਹਨਾਂ ਨੂੰ (ਹੱਥ ਦੇ ਕੇ) ਰੱਖ ਲਿਆ ਹੈ, ਜਨਮਾਂ ਦੇ ਗੇੜ ਵਿਚ ਮੁੜ ਉਹਨਾਂ ਦੀ ਦੌੜ ਭੱਜ ਨਹੀਂ ਹੁੰਦੀ। ਹੇ ਨਾਨਕ! (ਆਖ) ਸਾਡੀ ਇੱਕ ਜੀਭ ਹੈ, ਪ੍ਰਭੂ ਦੇ ਅਨੇਕਾਂ ਹੀ ਗੁਣ ਹਨ। (ਅਸੀ ਉਹਨ੍ਹਾਂ ਨੂੰ ਬਿਆਨ ਕਰਨ ਜੋਗੇ ਨਹੀਂ ਹਾਂ, ਪਰ ) ਜਿਹੜੇ ਜੀਵ ਉਸ ਦੀ ਚਰਨੀਂ ਪੈਂਦੇ ਹਨ (ਉਸ ਦਾ ਆਸਰਾ ਤੱਕਦੇ ਹਨ) ਉਹ (ਸੰਸਾਰ ਸਮੁੰਦਰ ਤੋਂ) ਤਰ ਜਾਂਦੇ ਹਨ। ਫੱਗਣ ਦੇ ਮਹੀਨੇ ਵਿਚ (ਹੋਲੀਆਂ ਆਦਿਕ ਵਿਚੋਂ ਆਨੰਦ ਲੱਭਣ ਦੇ ਥਾਂ) ਸਦਾ ਉਸ ਪਰਮਾਤਮਾ ਦੀ ਸਿਫ਼ਤਿ ਸਾਲਾਹ ਕਰਨੀ ਚਾਹੀਦੀ ਹੈ, ਜਿਸ ਨੂੰ (ਆਪਣੀ ਵਡਿਆਈ ਕਰਾਣ ਦਾ) ਰਤਾ ਭਰ ਭੀ ਲਾਲਚ ਨਹੀਂ ਹੈ (ਇਸ ਵਿਚ ਸਾਡਾ ਹੀ ਭਲਾ ਹੈ)।

(ਪ੍ਰਿ. ਸਾਹਿਬ ਸਿੰਘ)

**ਜੇ ਤੁਹਾਨੂੰ ਅੰਮ੍ਰਿਤ ਕੀਰਤਨ ਚੰਗਾ ਲਗਦਾ ਹੈ ਤਾਂ ਇਸ ਦੇ ਹੋਰ ਮੈਂਬਰ ਬਣਾਓ, ਨਹੀ ਤਾਂ ਇਸ ਨੂੰ ਹੋਰ ਚੰਗੇਰਾ ਬਣਾਉਣ ਲਈ ਸੁਝਾਅ ਭੇਜੋ।**

Registration No.
Chandigarh Division / 52 / 98

RNI Reg. No.46788/89

**BOOK POST**
(Printed Matter)

To

*If undelivered please return to :*
**AMRIT KIRTAN TRUST** (Regd.)
422, Sector 15-A, Chandigarh - 160 015
Phone : 0172 - 772660

ਕੀਰਤਨ ਅਤੇ ਸੰਗੀਤ ਦੀ ਜਾਣਕਾਰੀ ਦੇਣ ਵਾਲਾ ਮਾਸਿਕ ਪੱਤਰ

# ਅੰਮ੍ਰਿਤ ਕੀਰਤਨ

ਅੰਕ 2 ਸਾਲ ਦਸਵਾਂ ਫਰਵਰੀ 1998

ਪਰਚਾ ਨਾ ਮਿਲਣ ਦੀ ਜਾਂ ਕੋਈ ਹੋਰ ਸ਼ਿਕਾਇਤ ਹੋਵੇ ਜਾਂ ਤੁਸੀਂ ਆਪਣਾ ਪਤਾ ਬਦਲ ਲਿਆ ਹੋਵੇ ਤਾਂ ਆਪਣੇ ਚਿੱਟ ਨੰਬਰ ਦਾ ਹਵਾਲਾ ਦੇ ਕੇ ਚਿੱਠੀ ਭੇਜ ਦਿਉ। ਚਿੱਟ ਨੰਬਰ ਤੋਂ ਬਿਨਾਂ ਕੋਈ ਕਾਰਵਾਈ ਨਹੀਂ ਹੋ ਸਕੇਗੀ। ਆਪ ਜੀ ਦਾ ਚਿੱਟ ਨੰਬਰ ਇਸ ਲਿਫਾਫਾ ਉਤੇ ਆਪ ਦੇ ਨਾਮ ਤੋਂ ਪਹਿਲਾਂ ਲਿਖਿਆ ਹੋਇਆ ਹੈ।

T SERIES ਸਿਰੀਜ਼ ਪੇਸ਼ ਕਰਦੇ ਹਨ



**ਡਾ. ਜਾਗੀਰ ਸਿੰਘ** ਚੰਡੀਗੜ੍ਹ ਵਾਲਿਆਂ

ਦੀ

ਆਵਾਜ਼ ਵਿੱਚ

ਸ਼ਬਦ ਗੁਰਬਾਣੀ ਦੀ ਕੈਸੱਟ

**ਸਭ ਬਿਧਿ ਤੁਮ ਹੀ ਜਾਨਤੇ**

ਸਾਰੀਆਂ ਕੈਸੱਟ ਦੁਕਾਨਾਂ ਤੋਂ ਮਿਲ ਸਕਦੀ ਹੈ ।

*sohal specials*
Page : 9610 - 8677

STATE OF ART HEARING AIDS

AVAILABLE IN ALL MODELS

BONE CONDUCTION SPECTACLE

AIR CONDUCTION SPECTACLE

IN THE CANAL

BEHIND THE EAR

POCKET MODEL AND MANY MORE

ATTRACTIVE MODELS

*Visit*

**Dr. PREET AHUJA**

*Sounds*

**THE HEARING AID PEOPLE**

C-353, DEFENCE COLONY

NEW DELHI 110 024